# ਅਧਿਆਇ ਤੀਸਰਾ

## ਪੂਰਵ ਸੰਤ ਸਿੰਘ ਸੇਖੋਂ ਪੰਜਾਬੀ ਕਹਾਣੀ ਵਿਚ ਕਿਸਾਨੀ ਜੀਵਨ : ਸਮਾਜ-ਸਭਿਆਚਾਰਕ ਅਧਿਐਨ

ਕਹਾਣੀ ਸਭ ਤੋਂ ਪੁਰਾਣਾ ਤੇ ਹਰਮਨ ਪਿਆਰਾ ਸਾਹਿਤ ਰੂਪ ਹੈ। ਇਸ ਸਾਹਿਤ ਰੂਪ ਬਾਰੇ ਕਿਹਾ ਜਾਂਦਾ ਹੈ ਕਿ ਇਸ ਦੀ ਹੋਂਦ ਪੂਰਵ-ਇਤਹਾਸਕ ਕਾਲ ਤੋਂ ਹੈ, ਜਦੋਂ ਮਨੁੱਖ ਕੋਲ ਭਾਸ਼ਾ ਦੀ ਸਮਰਥਾ ਵੀ ਨਹੀਂ ਸੀ ਅਤੇ ਉਹ ਸਿਰਫ਼ ਇਸ਼ਾਰਿਆਂ, ਚੀਕਾਂ-ਕੂਕਾਂ ਦੀ ਜ਼ੁਬਾਨ ਰਾਹੀਂ ਹੀ ਸੰਚਾਰ ਕਰਨ ਦੇ ਸਮਰਥ ਸੀ। ਕਹਾਣੀ ਦੇ ਹਰਮਨ ਪਿਆਰੇ ਤੇ ਪੁਰਾਣੇ ਹੋਣ ਦਾ ਸਬੂਤ ਦੁਨੀਆਂ ਦੀ ਹਰ ਭਾਸ਼ਾ ਵਿਚ ਇਸ ਦੀ ਹੋਂਦ ਨੂੰ ਮੰਨਿਆ ਜਾ ਸਕਦਾ ਹੈ। ਮਨੁੱਖ ਨੇ ਜ਼ਿੰਦਗੀ ਦੇ ਹਰ ਔਖੇ ਤੇ ਗੂੜ੍ਹ-ਗਿਆਨ ਦੇ ਮਸਲੇ ਨੂੰ ਸੌਖੇ ਢੰਗ ਨਾਲ ਸਮਝਣ-ਸਮਝਾਉਣ ਲਈ ਹਮੇਸ਼ਾ ਹੀ ਕਥਾ-ਕਹਾਣੀ ਨੂੰ ਮਾਧਿਅਮ ਬਣਾਇਆ ਹੈ। ਇਸ ਸਾਹਿਤ ਰੂਪ ਵਿਚ ਮਨੁੱਖੀ ਮਨ ਨੂੰ ਅਨੁਕੂਲਨ ਦੀ ਸਮਰਥਾ ਹੋਣ ਕਰਕੇ ਹਮੇਸ਼ਾ ਹੀ ਇਸ ਦੀ ਵਰਤੋਂ ਮਨੁੱਖੀ ਮਾਨਸਿਕਤਾ ਨੂੰ ਵਿਸ਼ੇਸ਼ ਰੂਪ ਵਿਚ ਢਾਲਣ ਲਈ ਹੁੰਦੀ ਆ ਰਹੀ ਹੈ। ਇਸ ਪ੍ਰਸੰਗ ਵਿਚ ਜਦੋਂ ਪੰਜਾਬੀ ਵਿਚ ਕਹਾਣੀ ਦੇ ਉਦਭਵ ਬਾਰੇ ਚਰਚਾ ਕੀਤੀ ਜਾਂਦੀ ਹੈ ਤਾਂ ਪੰਜਾਬੀ ਦੇ ਵਿਦਵਾਨ ਦੋ ਵਿਭਿੰਨ ਧਾਰਨਾਵਾਂ ਵਿਚ ਵੰਡੇ ਹੋਏ ਨਜ਼ਰ ਆਉਂਦੇ ਹਨ। ਪਹਿਲੀ ਧਿਰ ਅਜਿਹੇ ਵਿਦਵਾਨਾਂ ਦੀ ਹੈ ਜੋ ਇਸ ਦੀਆਂ ਜੜ੍ਹਾਂ ਲੋਕ ਵਿਰਸੇ ਤੇ ਲੋਕ ਸਾਹਿਤ ਦੀ ਪਰੰਪਰਾ ਵਿਚ ਨਿਸ਼ਚਿਤ ਕਰਕੇ ਅਜੋਕੀ ਪੰਜਾਬੀ ਕਹਾਣੀ ਨੂੰ ਇਸੇ ਦੀ ਹੀ ਨਿਰੰਤਰਤਾ ਵਜੋਂ ਸਿੱਧ ਕਰਨ ਦਾ ਯਤਨ ਕਰਦੀ ਹੈ।[1] ਵਿਦਵਾਨਾਂ ਦੀ ਦੂਸਰੀ ਧਿਰ ਇਸ ਨੂੰ ਨਿਰੋਲ ਪੱਛਮੀ ਪ੍ਰਭਾਵਾਂ ਦੀ ਉਪਜ ਸਵੀਕਾਰ ਕਰਦੀ ਹੈ ਅਤੇ ਜਿਸਦਾ ਜਨਮ ਸਮੀਪ ਭੂਤਕਾਲ ਵਿਚ ਹੋਇਆ ਹੈ।[2] ਹਾਲਾਂਕਿ ਪਹਿਲੀ ਧਿਰ ਦੇ ਵਿਦਵਾਨ ਵੀ ਅੰਤਿਮ ਰੂਪ ਵਿਚ ਪੰਜਾਬੀ ਕਹਾਣੀ ਦੇ ਉਦਭਵ ਤੇ ਵਿਕਾਸ ਦੇ ਕਾਰਣਾਂ ਵਿਚ ਪੱਛਮੀ ਪ੍ਰਭਾਵਾਂ ਨੂੰ ਵੀ ਸਵੀਕਾਰ ਕਰਦੇ ਹਨ।[3]

ਜਦਕਿ ਦੂਸਰੇ ਪਾਸੇ ਉਹ ਬਿਰਤਾਂਤ ਨੂੰ ਮਨੁੱਖ ਜਿਤਨਾ ਹੀ ਪੁਰਾਣਾ ਦੱਸਦੇ ਹੋਏ ਇਸਦੀ ਹੋਂਦ ਪੂਰਵ-ਇਤਹਾਸਕ ਕਾਲ ਤੋਂ ਮੰਨਦੇ ਹਨ।[4]

ਜਦੋਂ ਅਸੀਂ ਪੰਜਾਬੀ ਵਿਚ ਕਹਾਣੀ ਦੇ ਜਨਮ ਤੇ ਵਿਕਾਸ ਬਾਰੇ ਚਰਚਾ ਕਰਦੇ ਹੋਏ ਮੁੱਢਲੀ ਪੰਜਾਬੀ ਕਹਾਣੀ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਮੁੱਢਲੀ ਪੰਜਾਬੀ ਕਹਾਣੀ ਸਮੁੱਚੇ ਮਨੁੱਖੀ ਜੀਵਨ ਬਾਰੇ ਚਰਚਾ ਕਰਦੀ ਹੋਣ ਕਰਕੇ ਨਾਵਲੀ ਕਿਸਮ ਦੀ ਪ੍ਰਤੀਤ ਹੁੰਦੀ ਹੈ[5] ਅਤੇ ਇਹ ਸਿਰਫ਼ ਮਨੋਰਥ ਪ੍ਰਾਪਤੀ ਦਾ ਮਾਧਿਅਮ ਹੀ ਬਣੀ ਹੋਈ ਨਜ਼ਰ ਆਉਂਦੀ ਹੈ, ਵਿਧਾ ਨਹੀਂ।[6] ਸਮੁੱਚੇ ਮਾਨਵੀ ਜੀਵਨ ਬਾਰੇ ਅਧਿਆਤਮਕ ਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਚਰਚਾ ਕਰਦੀ ਹੋਣ ਕਰਕੇ ਮੱਧਕਾਲ ਵਿਚ ਇਸ ਲਈ ਪ੍ਰਚਲਤ ਸ਼ਬਦ 'ਕਥਾ' ਵੀ ਵਿਸੇਸ਼ ਅਰਥਾਂ ਦਾ ਬੋਧ ਕਰਵਾਉਂਦਾ ਹੈ, ਜਿਸਦਾ ਮਨੋਰਥ ਸਰੋਤਿਆਂ ਵਿਚ ਨੈਤਿਕ ਤੇ ਉੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਨੂੰ ਦ੍ਰਿੜ ਕਰਵਾ ਕੇ ਉਨ੍ਹਾਂ ਦੇ ਧਾਰਮਿਕ ਵਿਸ਼ਵਾਸ ਨੂੰ ਪਰਿਪੱਕ ਕਰਨਾ ਹੀ ਇਸਦਾ ਮੰਤਵ ਸੀ।[7] ਇਸਦਾ ਭਾਵ ਹੈ ਕਿ ਮੱਧਕਾਲੀ ਕਥਾ ਸਰੋਤਾ ਮੁਖੀ ਸੀ। ਸਰੋਤੇ ਤੋਂ ਪਾਠਕ ਵਿਚ ਰੂਪਾਂਤਰਣ ਰਾਹੀਂ ਹੀ ਪਰੰਪਰਾਗਤ ਕਹਾਣੀ ਤੋਂ ਆਧੁਨਿਕ ਕਹਾਣੀ ਤੱਕ ਦੇ ਸਫ਼ਰ ਨੂੰ ਜਾਣਿਆ ਜਾ ਸਕਦਾ ਹੈ। ਇਸ ਲਈ ਆਧੁਨਿਕ ਕਾਲ ਦੀ ਇਸ ਬਿਰਤਾਂਤਕ ਵਿਧਾ ਲਈ ਕਥਾ ਸ਼ਬਦ ਢੁੱਕਵਾਂ ਨਹੀਂ ਕਿਹਾ ਜਾ ਸਕਦਾ।[8]

ਪੰਜਾਬੀ ਕਹਾਣੀ ਦੀ ਪੁਰਾਤਨਤਾ ਸਿੱਧ ਕਰਨ ਵਾਲੇ ਵਿਦਵਾਨ ਵੀ ਜਦੋਂ ਇਸਦੇ ਅਜੋਕੇ ਸਰੂਪ ਤੱਕ ਪਹੁੰਚਣ ਦੇ ਸਫ਼ਰ ਬਾਰੇ ਚਰਚਾ ਕਰਦੇ ਹਨ ਤਾਂ ਕਈ ਵਾਰ ਸ੍ਵੈ-ਵਿਰੋਧੀ ਵਿਚਾਰ ਪੇਸ਼ ਕਰਦੇ ਨਜ਼ਰ ਆਉਂਦੇ ਹਨ। ਡਾ. ਸਵਿੰਦਰ ਸਿੰਘ ਉੱਪਲ ਕਹਾਣੀ ਦੇ ਉਦਭਵ ਬਾਰੇ ਵਿਚਾਰ-ਚਰਚਾ ਕਰਦਾ ਹੋਇਆ ਇਸਨੂੰ ਪੁਰਾਣੀ ਤੇ ਹੁਨਰੀ ਨਿੱਕੀ ਕਹਾਣੀ ਵਿਚ ਵੰਡ ਕੇ ਅੰਤਰ-ਨਿਖੇੜ ਕਰਦਾ ਹੈ। ਇਸ ਵਿਦਵਾਨ ਮੁਤਾਬਿਕ ਹੁਨਰੀ ਕਹਾਣੀ ਦਾ ਮੂੰਹ-ਮੁਹਾਂਦਰਾ ਆਪਣੀ ਮਾਂ-ਕਹਾਣੀ ਨਾਲੋਂ ਬਿਲਕੁਲ ਵੱਖਰਾ ਨਜ਼ਰ ਆਉਂਦਾ ਹੈ ਤੇ ਉਹ ਇਸਨੂੰ ਗਲਪ ਦੇ ਇਕ ਨਵੇਂ ਤੇ ਵੱਖਰੇ ਰੂਪ ਵਜੋਂ ਸਵੀਕਾਰ ਕਰਦਾ ਹੈ। ਉਸ ਮੁਤਾਬਿਕ ਭਾਵੇਂ ਇਸਦਾ ਮੁੱਢ ਪੁਰਾਤਨ ਜਨਮ ਸਾਖੀਆਂ ਤੱਕ ਲਿਜਾਇਆ ਜਾ ਸਕਦਾ ਹੈ ਪਰ ਨਿੱਕੀ

ਕਹਾਣੀ ਵੀਹਵੀਂ ਸਦੀ ਦੀ ਉਪਜ ਹੈ।[9] ਪਰੰਤੂ, ਚਾਰ ਦਹਾਕਿਆਂ ਬਾਅਦ ਉਹ ਆਪਣੀ ਪਹਿਲੀ ਸਥਾਪਨਾ ਨੂੰ ਉਲਟਾਉਂਦਾ ਹੋਇਆ ਇਕ ਨਵੀਂ ਧਾਰਨਾ ਪ੍ਰਸਤੁਤ ਕਰਦਾ ਹੈ। ਉੱਪਲ ਮੁਤਾਬਿਕ ਜਿਸ ਹੁਨਰੀ ਨਿੱਕੀ ਕਹਾਣੀ ਨੂੰ ਅੱਜ ਅਸੀਂ ਗਲਪ ਦਾ ਇਕ ਵੱਖਰਾ ਰੂਪ ਮੰਨਦੇ ਹਾਂ ਉਹ ਅਸਲ ਵਿਚ ਪੁਰਾਣੀ ਕਹਾਣੀ ਦਾ ਹੀ ਇਕ ਵਿਕਸਿਤ ਰੂਪ ਹੈ, ਜੋ ਪੁਰਾਣੀ ਕਹਾਣੀ ਤੋਂ ਵੱਖਰਾ ਹੁੰਦਾ ਹੋਇਆ ਵੀ ਵੱਖਰਾ ਨਹੀਂ।[10] ਅਤੇ ਇਸ ਲਈ ਉਹ ਇਕ ਪਾਸੇ ਬਾਬਾ ਫ਼ਰੀਦ ਨੂੰ ਪੰਜਾਬੀ ਕਹਾਣੀ ਦੇ ਮੋਢੀ ਵਜੋਂ[11] ਅਤੇ ਦੂਸਰੇ ਪਾਸੇ ਜਨਮ ਸਾਖੀਆਂ ਨੂੰ ਪੰਜਾਬੀ ਦੀਆਂ ਪਹਿਲੀਆਂ ਕਹਾਣੀਆਂ ਸਿੱਧ ਕਰਨ ਦਾ ਸੁਚੇਤ ਯਤਨ ਕਰਦਾ ਹੈ।[12]

ਇਨ੍ਹਾਂ ਉਪਰੋਕਤ ਸਥਾਪਨਾਵਾਂ ਦੇ ਸਮਾਨਾਂਤਰ ਪੰਜਾਬੀ ਵਿਦਵਾਨਾਂ ਦੀ ਦੂਸਰੀ ਧਿਰ ਕਹਾਣੀ ਨੂੰ ਆਧੁਨਿਕ ਸਾਹਿਤ ਦੀ ਇਕ ਵਿਧਾ ਮੰਨਕੇ ਇਸਦੇ ਉਦਭਵ ਨੂੰ ਅੰਗਰੇਜ਼ਾਂ ਦੀ ਆਮਦ ਨਾਲ ਪੈਦਾ ਹੋਈ ਨਵੀਂ ਜੀਵਨ-ਜਾਚ ਕਾਰਣ ਉਪਜਿਆ ਮੰਨਦੀ ਹੈ ਤੇ ਆਪਣੇ ਤਰਕ ਨੂੰ ਠੀਕ ਸਿੱਧ ਕਰਨ ਲਈ ਬਹੁਤ ਸਾਰੀਆਂ ਦਲੀਲਾਂ ਵੀ ਪੇਸ਼ ਕਰਦੀ ਹੈ। ਇਨ੍ਹਾਂ ਵਿਦਵਾਨਾਂ ਮੁਤਾਬਿਕ ਪੰਜਾਬੀ ਵਿਚ ਨਵੇਂ ਸਾਹਿਤ ਰੂਪਾਂ ਦੀ ਆਮਦ ਹਿੰਦੁਸਤਾਨ ਤੇ ਪੰਜਾਬ ਉੱਪਰ ਅੰਗਰੇਜ਼ਾਂ ਦੇ ਕਬਜ਼ੇ ਨਾਲ ਜੁੜੀ ਹੋਈ ਹੈ। ਅੰਗਰੇਜ਼ ਸਾਮਰਾਜ ਦਾ ਇਸ ਖਿੱਤੇ ਉੱਪਰ ਕਬਜ਼ੇ ਦਾ ਮਨੋਰਥ ਇੱਥੋਂ ਦੇ ਆਰਥਕ ਅਤੇ ਸਮਾਜਕ ਵੰਡੀਆਂ ਵਾਲੇ ਸਮਾਜ ਦੀ ਵੱਧ ਤੋਂ ਵੱਧ ਆਰਥਕ ਲੁੱਟ ਕਰਨਾ ਸੀ। ਇਸ ਲੁੱਟ ਨੂੰ ਲੰਮੇ ਅਰਸੇ ਤੱਕ ਕਾਇਮ ਰੱਖਣ ਵਾਲਾ ਮਾਹੌਲ ਸਿਰਜਣ ਵਿਚ ਈਸਾਈ ਮਿਸ਼ਨਰੀਆਂ ਦੀ ਭੂਮਿਕਾ ਬਹੁਤ ਅਹਿਮ ਸੀ, ਜੋ ਆਰਥਕ ਸਹੂਲਤਾਂ ਦੇ ਲਾਲਚ ਹੇਠ ਸਾਧਾਰਣ ਜਨਤਾ ਨੂੰ ਈਸਾਈ ਧਰਮ ਵਿਚ ਸ਼ਾਮਲ ਕਰ ਰਹੇ ਸਨ। ਇਸ ਧਰਮ ਪਰਿਵਰਤਨ ਦਾ ਮਕਸਦ ਹਾਕਮ ਅਤੇ ਮਹਿਕੂਮ ਨੂੰ ਸਹਿਧਰਮੀ ਬਣਾ ਕੇ ਨੇੜ ਭਵਿੱਖ ਵਿਚ ਕਿਸੇ ਵੀ ਕਿਸਮ ਦੇ ਵਿਰੋਧ ਦੇ ਉੱਠਣ ਦੀ ਸੰਭਾਵਨਾ ਨੂੰ ਪੈਦਾ ਹੋਣ ਤੋਂ ਰੋਕਣਾ ਸੀ। ਈਸਾਈ ਮਿਸ਼ਨਰੀਆਂ ਨੇ ਵਿਰੋਧ ਪੈਦਾ ਕਰ ਸਕਣ ਵਾਲੇ ਨੰਗੇ-ਚਿੱਟੇ ਪ੍ਰਚਾਰ ਦੀ ਥਾਂ ਕਥਾ-ਕਹਾਣੀਆਂ ਰਾਹੀਂ ਧਰਮ ਪ੍ਰਚਾਰ ਦੀ ਜੁਗਤ ਦੀ ਵਰਤੋਂ ਕਰਨੀ ਸ਼ੁਰੂ ਕੀਤੀ, ਜੋ ਬਿਨਾਂ ਕਿਸੇ ਵਿਰੋਧ ਦੇ ਚੁੱਪ-ਚੁਪੀਤੇ ਰੂਪ ਵਿਚ ਲੋਕਾਂ ਦੀ

ਮਾਨਸਿਕਤਾ ਨੂੰ ਬਦਲਣ ਤੇ ਈਸਾਈ ਧਰਮ ਦੇ ਅਨੁਕੂਲਨ ਲਈ ਜ਼ਮੀਨ ਤਿਆਰ ਕਰਨ ਵਿਚ ਸਹਾਈ ਹੋ ਰਹੀ ਸੀ। ਈਸਾਈ ਮਿਸ਼ਨਰੀਆਂ ਨੇ ਭਾਵੇਂ ਪੰਜਾਬ ਵਿਚ ਆਪਣੇ ਮਿਸ਼ਨ ਕੇਂਦਰ 1834 ਈ. ਵਿਚ ਸਥਾਪਿਤ ਕਰ ਲਏ ਸਨ,[13] ਪਰ ਉਨ੍ਹਾਂ ਦੇ ਪ੍ਰਚਾਰ ਵਿਚ ਤੇਜ਼ੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਉੱਪਰ ਸਾਮਰਾਜ ਦੇ ਕਬਜ਼ੇ ਤੋਂ ਬਾਅਦ ਆਈ। ਬਾਈਬਲ ਤੇ ਈਸਾ ਮਸੀਹ ਦੇ ਜੀਵਨ ਉੱਪਰ ਆਧਾਰਿਤ ਕਹਾਣੀਆਂ 'ਤੇ ਆਧਾਰਿਤ ਚੌਪਤਰਿਆਂ ਰਾਹੀਂ ਉਹ ਈਸਾਈ ਧਰਮ ਦੀਆਂ ਬਰਕਤਾਂ ਦੇ ਗੁਣਗਾਣ ਕਰਨ ਲੱਗੇ ਤੇ ਈਸਾ ਮਸੀਹ ਨੂੰ ਪਰਮਾਤਮਾ ਦੇ ਪੁੱਤ ਵਜੋਂ ਦਰਸਾ ਕੇ ਉਸ ਨੂੰ ਮੁਕਤੀਦਾਤੇ ਦੇ ਰੂਪ ਵਿਚ ਪੇਸ਼ ਕਰਕੇ ਉਹ ਹਿੰਦੁਸਤਾਨੀਆਂ ਨੂੰ ਉਸਦੀ ਸ਼ਰਨ ਵਿਚ ਆਉਣ ਲਈ ਪ੍ਰੇਰਣ ਲੱਗੇ।

ਪੰਜਾਬੀ ਕੁਲੀਨ ਵਰਗ ਨੇ ਸਾਮਰਾਜ ਹੱਥੋਂ ਆਪਣੀ ਰਾਜਨੀਤਿਕ ਹਾਰ ਤਾਂ ਸਵੀਕਾਰ ਕਰ ਲਈ ਸੀ, ਜਦੋਂ ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਸਾਹਮਣੇ ਆਪਣੀ ਧਾਰਮਿਕ ਤੇ ਸਭਿਆਚਾਰਕ ਪਛਾਣ ਤੇ ਸਰਦਾਰੀ ਵੀ ਖੁੱਸਦੀ ਨਜ਼ਰ ਆਈ ਤਾਂ ਇਸ ਵਰਗ ਨੂੰ ਹਾਲਾਤ ਦੀ ਗੰਭੀਰਤਾ ਤੇ ਸਾਮਰਾਜ ਦੀ ਚਲਾਕੀ ਭਰੀ ਯੋਜਨਾਬੰਦੀ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ ਤੇ ਬਚ ਗਏ ਨੂੰ ਸਾਂਭ ਲੈਣ ਦਾ ਫ਼ਿਕਰ ਵੀ। ਇਸ ਫ਼ਿਕਰ ਵਿਚੋਂ ਹੀ ਸਥਾਨਕ ਧਰਮਾਂ ਦੇ ਪੁਨਰ-ਜਾਗ੍ਰਣ ਤੇ ਪ੍ਰਚਾਰ ਦੀਆਂ ਲਹਿਰਾਂ ਸ਼ੁਰੂ ਹੋਈਆਂ। ਹਾਲਾਂਕਿ ਇਹ ਫ਼ਿਕਰਮੰਦੀ ਧਾਰਮਿਕ ਦਾਇਰਿਆਂ ਦੀ ਵਲਗਣ ਤੱਕ ਸੀਮਤ ਹੋ ਜਾਣ ਕਰਕੇ ਧਾਰਮਿਕ ਸੰਕੀਰਣਤਾ ਵਾਲਾ ਵਾਤਾਵਰਣ ਵੀ ਪੈਦਾ ਕਰ ਰਹੀ ਸੀ ਤੇ ਇਸ ਦਾ ਸਭ ਤੋਂ ਮਾੜਾ ਪ੍ਰਭਾਵ ਸਮਾਜਕ-ਆਰਥਕ ਵਿਕਾਸ ਦੀ ਤੋਰ ਦਾ ਧਾਰਮਿਕ ਵਲਗਣਾਂ ਵਿਚ ਵਲੇ ਜਾਣਾ ਤੇ ਭਾਸ਼ਾਵਾਂ ਦੀ ਧਰਮ ਆਧਾਰਿਤ ਵੰਡ ਸੀ। ਇਸ ਵੰਡ ਵਿਚ ਪੰਜਾਬੀ ਭਾਸ਼ਾ ਸਿੱਖਾਂ ਦੇ ਹਿੱਸੇ ਆਈ। ਸਿੱਖਾਂ ਦੀ ਪੜ੍ਹੀ-ਲਿਖੀ ਤੇ ਚੇਤੰਨ ਸ਼੍ਰੇਣੀ ਸਿੰਘ ਸਭਾ ਦੇ ਨਾਂ ਹੇਠ ਜਥੇਬੰਦ ਹੋਈ ਤੇ ਇਸਨੇ ਆਪਣੇ ਧਰਮ, ਸਭਿਆਚਾਰ ਤੇ ਇਤਹਾਸ ਪ੍ਰਤਿ ਸਿੱਖਾਂ ਨੂੰ ਜਾਗ੍ਰਿਤ ਕਰਨ ਲਈ ਮਿਸ਼ਨਰੀਆਂ ਵਾਲੀ ਕਥਾ-ਕਹਾਣੀਆਂ ਰਾਹੀਂ ਪ੍ਰਚਾਰ ਦੀ ਜੁਗਤ ਨੂੰ ਅਪਣਾਇਆ। ਇਹ ਹਾਲਾਤ ਅਚੇਤ ਹੀ ਪੰਜਾਬੀ ਵਿਚ ਨਵੇਂ ਸਾਹਿਤ ਰੂਪਾਂ ਦੇ

ਉਦਭਵ ਦਾ ਸਬੱਬ ਬਣੇ। ਹਾਲਾਂਕਿ ਮਨੋਰਥ ਦੀ ਪ੍ਰਧਾਨਤਾ ਹੋਣ ਕਰਕੇ ਲੰਮੇ ਸਮੇਂ ਤੱਕ ਇਹ ਸਾਹਿਤ ਰੂਪ ਆਪਣੀਆਂ ਵਿਧਾਗਤ ਸ਼ਰਤਾਂ ਤੋਂ ਵਿੱਥ 'ਤੇ ਹੀ ਵਿਚਰਦੇ ਰਹੇ। ਪੰਜਾਬੀ ਵਿਚ ਕਹਾਣੀ ਨੂੰ ਇਸੇ ਹੀ ਪ੍ਰਸੰਗ ਵਿਚ ਵੇਖਿਆ-ਸਮਝਿਆ ਜਾ ਸਕਦਾ ਹੈ।

ਆਪਣੇ ਮਨੋਰਥ ਦੀ ਪੂਰਤੀ ਲਈ ਈਸਾਈ ਮਿਸ਼ਨਰੀਆਂ ਦੇ ਸਮਾਨਾਂਤਰ ਖਾਲਸਾ ਟ੍ਰੈਕਟ ਸੋਸਾਇਟੀ ਆਰੰਭ ਕੀਤੀ ਗਈ। ਇਸ ਸੋਸਾਇਟੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਹਜ਼ਾਰਾਂ ਟ੍ਰੈਕਟ ਕਹਾਣੀ ਦੀ ਵਿਧਾ ਵਿਚ ਛਪਵਾ ਕੇ ਧਾਰਮਿਕ ਸਮਾਗਮਾਂ ਵਿਚ ਵੰਡਣੇ ਸ਼ੁਰੂ ਕੀਤੇ, ਜਿਨ੍ਹਾਂ ਵਿਚ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਸਮਾਚਾਰਾਂ ਨੂੰ ਸ਼ਰਧਾਮਈ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਸੀ। ਭਾਈ ਵੀਰ ਸਿੰਘ ਰਚਿਤ 'ਗੁਰੂ ਨਾਨਕ ਚਮਤਕਾਰ' ਤੇ 'ਕਲਗੀਧਰ ਚਮਤਕਾਰ' ਵਿਚਲੀ ਗਾਲਪਕਨਿਕਤਾ ਤੇ ਕਥਾ-ਅੰਸ਼ ਕਰਕੇ ਕਈ ਵਿਦਵਾਨ ਭਾਈ ਵੀਰ ਸਿੰਘ ਨੂੰ ਪੰਜਾਬੀ ਕਹਾਣੀ ਦੇ ਮੋਢੀ ਵਜੋਂ ਸਵੀਕਾਰ ਕਰਦੇ ਹਨ।[14] ਹਾਲਾਂਕਿ ਇਹ ਚਮਤਕਾਰ ਮੱਧਕਾਲੀ ਅਧਿਆਤਮਕ ਵਿਚਾਰਧਾਰਾ 'ਤੇ ਆਧਾਰਿਤ ਹੋਣ ਕਰਕੇ ਕਿਸੇ ਵੀ ਤਰ੍ਹਾਂ ਆਧੁਨਿਕ ਨਹੀਂ ਕਹੇ ਜਾ ਸਕਦੇ। ਪਰ ਇਨ੍ਹਾਂ ਨੇ ਆਉਣ ਵਾਲੇ ਕਹਾਣੀ ਲੇਖਕਾਂ ਲਈ ਇਕ ਆਧਾਰ ਤਿਆਰ ਕਰਨ ਦਾ ਕਾਰਜ ਜ਼ਰੂਰ ਕੀਤਾ ਤੇ ਇਸ ਰਸਤੇ 'ਤੇ ਤੁਰ ਕੇ ਮੋਹਨ ਸਿੰਘ ਵੈਦ ਅਧਿਆਤਮਕ ਵਿਚਾਰਧਾਰਾ ਜਾਂ ਸਿੱਖ ਇਤਿਹਾਸ ਦੀ ਥਾਂ ਤਤਕਾਲੀ ਜੀਵਨ ਨੂੰ ਕੇਂਦਰ ਵਿਚ ਰੱਖਕੇ ਚਿਤਰਣਾ ਸ਼ੁਰੂ ਕਰਦਾ ਹੈ। ਵੈਦ ਦੇ ਇਨ੍ਹਾਂ ਯਤਨਾਂ ਕਰਕੇ ਹੀ ਡਾ. ਅਤਰ ਸਿੰਘ ਉਸ ਨੂੰ ਪੰਜਾਬੀ ਦੇ ਪ੍ਰਥਮ ਕਹਾਣੀਕਾਰ ਵਜੋਂ ਮਾਨਤਾ ਦੇਂਦਾ ਹੈ।[15] ਪਰੰਤੂ, ਵੈਦ ਦੀਆਂ ਵਧੇਰੇ ਕਹਾਣੀਆਂ ਅਨੁਵਾਦਿਤ ਜਾਂ ਆਧਾਰਿਤ ਰਚਨਾਵਾਂ ਹੋਣ ਕਰਕੇ ਉਸਨੂੰ ਪੰਜਾਬੀ ਦਾ ਪਹਿਲਾ ਮੌਲਿਕ ਕਹਾਣੀਕਾਰ ਕਹਿਣਾ ਉਚਿਤ ਪ੍ਰਤੀਤ ਨਹੀਂ ਹੁੰਦਾ। ਪਰ ਜਿਸ ਢੰਗ ਨਾਲ ਵੈਦ ਤੋਂ ਬਾਅਦ ਚਰਨ ਸਿੰਘ ਸ਼ਹੀਦ ਨੇ ਆਪਣੀ ਪੁਸਤਕ 'ਹੱਸਦੇ ਹੰਝੂ' ਦੀ ਭੂਮਿਕਾ ਵਿਚ ਕਹਾਣੀ ਵਿਧਾ ਨੂੰ ਤਤਕਾਲੀ ਜੀਵਨ ਦੀ ਪੇਸ਼ਕਾਰੀ ਨਾਲ ਜੋੜਿਆ। ਉਸਦੇ ਇਨ੍ਹਾਂ ਯਤਨਾਂ ਕਰਕੇ ਪੰਜਾਬੀ ਦੇ ਵਧੇਰੇ ਵਿਦਵਾਨ ਸ਼ਹੀਦ ਨੂੰ ਹੀ ਪੰਜਾਬੀ ਦੇ ਪ੍ਰਥਮ ਕਹਾਣੀਕਾਰ ਦਾ ਦਰਜਾ ਦੇਂਦੇ ਹਨ।[16]

ਇਸ ਸਥਾਪਨਾ ਦੇ ਸਮਾਨਾਂਤਰ ਪੰਜਾਬੀ ਦੇ ਕੁਝ ਵਿਦਵਾਨ ਇਨ੍ਹਾਂ ਮੁੱਢਲੇ ਯਤਨਾਂ ਨੂੰ ਪੂਰੀ ਤਰ੍ਹਾਂ ਕਹਾਣੀਆਂ ਮੰਨਣ ਤੋਂ ਇਨਕਾਰੀ ਹਨ ਤੇ ਉਨ੍ਹਾਂ ਮੁਤਾਬਿਕ ਹੁਨਰੀ ਪੰਜਾਬੀ ਕਹਾਣੀ, ਜੋ ਵਿਧਾਗਤ ਸ਼ਰਤਾਂ ਨੂੰ ਵੀ ਪੂਰਿਆਂ ਕਰਦੀ ਹੈ, ਉਨ੍ਹਾਂ ਕਹਾਣੀਕਾਰਾਂ ਨੇ ਰਚੀ ਜਿਨ੍ਹਾਂ ਨੇ ਪੱਛਮੀ ਵਿਦਿਆ ਹਾਸਿਲ ਕੀਤੀ ਹੋਈ ਸੀ ਤੇ ਉਹ ਪੱਛਮੀ ਸਾਹਿਤ ਸਿਧਾਤਾਂ ਦੇ ਵੀ ਜਾਣਕਾਰ ਸਨ। ਇਹ ਵਿਦਵਾਨ ਮੁੱਢਲੇ ਕਹਾਣੀਕਾਰਾਂ ਦੇ ਯਤਨਾਂ ਨੂੰ ਮੂਲੋਂ ਹੀ ਰੱਦ ਕਰਦੇ ਹੋਏ ਪੰਜਾਬੀ ਕਹਾਣੀ ਨੂੰ ਸੰਤ ਸਿੰਘ ਸੇਖੋਂ, ਕਰਤਾਰ ਸਿੰਘ ਦੁੱਗਲ ਤੇ ਸੁਜਾਨ ਸਿੰਘ ਦੇ ਪੰਜਾਬੀ ਕਹਾਣੀ ਵਿਚ ਪ੍ਰਵੇਸ਼ ਨਾਲ ਜੋੜਦੇ ਹਨ। ਇਨ੍ਹਾਂ ਵਿਦਵਾਨਾਂ ਮੁਤਾਬਿਕ ਜੇ ਮੁੱਢਲੇ ਦੌਰ ਦੀ ਪੰਜਾਬੀ ਕਹਾਣੀ ਨੂੰ ਖ਼ਾਰਜ ਵੀ ਕਰ ਦਿੱਤਾ ਜਾਵੇ ਤਾਂ ਵੀ ਕੋਈ ਫ਼ਰਕ ਨਹੀਂ ਪੈਂਦਾ।[17] ਅਸਲ ਵਿਚ ਇਨ੍ਹਾਂ ਵਿਦਵਾਨਾਂ ਦੀ ਸਮੱਸਿਆ ਇਹ ਹੈ ਕਿ ਇਹ ਪੰਜਾਬੀ ਵਿਚ ਚੌਥੇ-ਪੰਜਵੇਂ ਦਹਾਕੇ ਵਿਚ ਰਚੀ ਜਾ ਰਹੀ ਪੰਜਾਬੀ ਕਹਾਣੀ, ਜੋ ਕਿ ਕਹਾਣੀ ਦੀਆਂ ਵਿਧਾਗਤ ਸ਼ਰਤਾਂ ’ਤੇ ਪੂਰਿਆਂ ਉਤਰਦੀ ਹੈ ਤੇ ਜਿਸਨੂੰ ‘ਹੁਨਰੀ ਪੰਜਾਬੀ ਕਹਾਣੀ’ ਕਿਹਾ ਗਿਆ ਹੈ, ਨੂੰ ਇਕ ਮਾਡਲ ਮੰਨ ਕੇ ਹੀ ਪੰਜਾਬੀ ਕਹਾਣੀ ਦੇ ਮੁੱਢਲੇ ਯਤਨਾਂ ਨੂੰ ਵੀ ਉਸੇ ਕਸਵੱਟੀ ’ਤੇ ਪਰਖ ਕੇ ਰੱਦ ਕਰਦੇ ਹਨ, ਜੋ ਕਿ ਕਿਸੇ ਵੀ ਤਰ੍ਹਾਂ ਤਰਕ ਸੰਗਤ ਨਹੀਂ ਕਿਹਾ ਜਾ ਸਕਦਾ।[18] ਇਸ ਤਰ੍ਹਾਂ ਪੰਜਾਬੀ ਵਿਚ ਕਹਾਣੀ ਦੀ ਆਮਦ ਬਾਰੇ ਵਿਦਵਾਨ ਦੋ ਅਤਿ ਵਿਰੋਧੀ ਤੇ ਉਲਾਰ ਸਥਾਪਨਾਵਾਂ ’ਤੇ ਖੜੇ ਨਜ਼ਰ ਆਉਂਦੇ ਹਨ। ਡਾ. ਗੁਰਲਾਲ ਸਿੰਘ ਇਨ੍ਹਾਂ ਦੋਹਾਂ ਅਤਿ ਉਲਾਰ ਸਥਾਪਨਾਵਾਂ ਵਿਚ ਇਕ ਸੰਤੁਲਨ ਕਾਇਮ ਕਰਨ ਦਾ ਯਤਨ ਕਰਦਾ ਹੋਇਆ ਲਿਖਦਾ ਹੈ, “ਅਸਲੀਅਤ ਇਨ੍ਹਾਂ ਦੋਹਾਂ ਅਤਿਵਾਦੀ ਮਤਾਂ ਦੇ ਵਿਚਕਾਰ ਹੈ। ਕਹਾਣੀ ‘ਵਸਤੂ’ (ਕਥਾ) ਵਜੋਂ ਤਾਂ ਮੁੱਢ ਕਦੀਮ ਤੋਂ ਹੀ ਸਾਹਿਤ ਦੇ ਵੱਖ-ਵੱਖ ਰੂਪਾਂ ਵਿਚ ਵਿਦਮਾਨ ਹੈ, ਪਰ ਅਸੀਂ ਉਸ ਕਹਾਣੀ ਦੀ ਗੱਲ ਕਰ ਰਹੇ ਹਾਂ ਜੋ ਅੱਜ ਇਕ ਵਿਸ਼ੇਸ਼ ਰੂਪਾਕਾਰ ਵਜੋਂ ਪ੍ਰਚਲਿਤ ਹੈ।[19] ਕਹਾਣੀ ਦੇ ਪ੍ਰਸੰਗ ਵਿਚ ਇਹ ਸਥਾਪਨਾ ਤਰਕ ਦੀ ਦ੍ਰਿਸ਼ਟੀ ਤੋਂ ਠੀਕ ਵੀ ਪ੍ਰਤੀਤ ਹੁੰਦੀ ਹੈ। ਇਸ ਬਹਿਸ ਨੂੰ ਅੰਜਾਮ ਤੱਕ ਪੁਚਾਉਂਦਾ ਹੋਇਆ ਡਾ. ਬਲਦੇਵ ਸਿੰਘ ਧਾਲੀਵਾਲ ਲਿਖਦਾ ਹੈ ਕਿ ਪੰਜਾਬੀ ਕਹਾਣੀ ਆਪਣੇ ਮੱਧਕਾਲੀ ਬਿਰਤਾਂਤਕ ਵਿਰਸੇ ਤੋਂ ਅਣਭਿੱਜ ਨਹੀਂ ਅਤੇ ਨਾ ਹੀ ਪੱਛਮੀ ਯਥਾਰਥਵਾਦੀ

ਦ੍ਰਿਸ਼ਟੀ ਤੇ ਤਕਨੀਕ ਤੋਂ ਹੀ ਵਿਰਵੀ ਹੈ[20] ਅਤੇ ਇਹ ਸੁਭਾਵਿਕ ਹੀ ਹੈ, ਕਿਉਂਕਿ ਸਾਹਿਤ ਦੇ ਖੇਤਰ ਵਿਚ ਸਾਹਿਤ ਰੂਪ ਤਾਂ ਬਾਹਰੋਂ ਲਏ ਜਾ ਸਕਦੇ ਹਨ, ਵਿਚਾਰ ਨਹੀਂ। ਵਿਚਾਰ ਹਮੇਸ਼ਾ ਆਪਣੀ ਮਿੱਟੀ ਦੀ ਉਪਜ ਹੁੰਦੇ ਹਨ।

ਪਰੰਤੂ, ਜਦੋਂ ਅਸੀਂ ਇਨ੍ਹਾਂ ਸਾਹਿਤ ਰੂਪਾਂ ਦੀ ਪੰਜਾਬੀ ਵਿਚ ਆਮਦ ਤੇ ਉਨ੍ਹਾਂ ਦੇ ਮਨੋਰਥਾਂ ਬਾਰੇ ਚਰਚਾ ਕਰਦੇ ਹਾਂ ਤਾਂ ਹਰ ਸਾਹਿਤ ਰੂਪ ਵੱਖਰੀ-ਵੱਖਰੀ ਭੂਮਿਕਾ ਨਿਭਾਉਂਦਾ ਹੋਇਆ ਨਜ਼ਰ ਆਉਂਦਾ ਹੈ ਅਤੇ ਸਮਾਜਕ ਸਰੋਕਾਰਾਂ ਨੂੰ ਵੱਖਰੀ ਤਰ੍ਹਾਂ ਸੰਬੋਧਿਤ ਹੁੰਦਾ ਹੈ। ਈਸਾਈ ਮਿਸ਼ਨਰੀਆਂ ਦੇ ਪ੍ਰਤਿਉੱਤਰ ਵਜੋਂ ਸਭ ਤੋਂ ਵਧੇਰੇ ਸਫ਼ਲ ਤੇ ਸਾਰਥਕ ਹਥਿਆਰ ਦੇ ਰੂਪ ਵਿਚ ਨਾਵਲ ਉਭਰਦਾ ਹੈ ਅਤੇ ਮਿਸ਼ਨਰੀ ਪ੍ਰਚਾਰ ਦਾ ਜਵਾਬ ਢੁੱਕਵੇਂ ਰੂਪ ਵਿਚ ਦੇਂਦਾ ਹੈ। ਜਦਕਿ ਕਹਾਣੀ, ਨਾਵਲ ਤੇ ਇਕਾਂਗੀ ਇਸ ਸਥਿਤੀ ਦੇ ਸਨਮੁੱਖ ਵਧੇਰੇ ਕਰਕੇ ਚੁੱਪ ਜਾਂ ਘੱਟ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦੇ ਹਨ। ਸ਼ਾਇਦ ਹਰ ਸਾਹਿਤ ਰੂਪ ਦੀਆਂ ਵਿਧਾਗਤ ਵੱਖਰਤਾਵਾਂ ਤੇ ਸੀਮਾਵਾਂ ਇਸ ਦਾ ਕਾਰਣ ਹੋ ਸਕਦੀਆਂ ਹਨ। ਨਾਵਲ ਵਰਗੀ ਵਿਸ਼ਾਲ ਕੈਨਵਸ ਵਾਲੀ ਸਾਹਿਤਕ ਵਿਧਾ ਪ੍ਰਚਾਰ ਜਾਂ ਮਨੋਰਥ ਦਾ ਭਾਰ ਚੁੱਕਣ ਦੇ ਵਧੇਰੇ ਸਮਰਥ ਹੋ ਸਕਦੀ ਹੈ, ਜਦਕਿ ਕਹਾਣੀ ਬਹੁਤ ਹੀ ਸੀਮਤ ਅਵਸਥਾ ਵਿਚ ਇਹ ਕਾਰਜ ਕਰਦੀ ਹੈ ਅਤੇ ਇਕਾਂਗੀ ਸਮਕਾਲੀ ਜੀਵਨ ਦਾ ਯਥਾਰਥਕ ਚਿਤਰ ਤਾਂ ਬਾਕੀ ਵਿਧਾਵਾਂ ਦੇ ਮੁਕਾਬਲੇ ਵਧੇਰੇ ਚੰਗੇ ਢੰਗ ਨਾਲ ਪੇਸ਼ ਕਰਦੇ ਹਨ, ਪਰ ਰੰਗਮੰਚ ’ਤੇ ਦਰਸ਼ਕਾਂ ਨੂੰ ਸਿੱਧੇ ਰੂਪ ਵਿਚ ਸੰਬੋਧਿਤ ਹੋਣ ਕਰਕੇ ਅਜੇਹੇ ਪ੍ਰਚਾਰ ਤੋਂ ਪੈਦਾ ਹੋਣ ਵਾਲੀ ਭੜਕਾਹਟ ਦੀ ਸੰਭਾਵਨਾ ਦੇ ਸਿੱਟੇ ਵਜੋਂ ਵਿੱਥ ’ਤੇ ਵਿਚਰਦੇ ਹਨ, ਪਰੰਤੂ ਮਨੋਰਥ ਪ੍ਰਧਾਨ ਵਿਧਾਵਾਂ ਬਹੁਤ ਦੇਰ ਤੱਕ ਮਨੋਰਥ ਸਿੱਧੀ ਦਾ ਵਾਹਨ ਬਣੇ ਰਹਿਣ ਤੱਕ ਹੀ ਸੀਮਤ ਰਹਿੰਦੀਆਂ ਹਨ ਅਤੇ ਵਿਧਾਗਤ ਸੰਪੂਰਨਤਾ ਧਾਰਨ ਕਰਨ ਵਾਲੇ ਪਾਸੇ ਬਹੁਤ ਦੇਰ ਬਾਅਦ ਪਰਤਦੀਆਂ ਹਨ।

ਬੇਸ਼ੱਕ, ਪੰਜਾਬੀ ਵਿਚ ਕਹਾਣੀ ਦਾ ਆਰੰਭ ਇਕ ਵਿਸ਼ੇਸ਼ ਵਾਤਾਵਰਣ ਦੀ ਉਪਜ ਕਿਹਾ ਜਾ ਸਕਦਾ ਹੈ, ਪਰ ਇਸ ਦੇ ਨਾਲ ਹੀ ਹੋਰ ਵੀ ਬਹੁਤ ਸਾਰੇ ਅਜੇਹੇ ਸਰੋਕਾਰ ਪਛਾਣੇ ਜਾ ਸਕਦੇ ਹਨ ਜਿਨ੍ਹਾਂ ਨੇ ਕਹਾਣੀ ਦੇ ਪਨਪਣ ਵਿਚ ਯਥਾਯੋਗ ਹਿੱਸਾ ਪਾਇਆ। ਪੰਜਾਬ ਵਿਚ ਪੱਛਮੀ ਵਿਦਿਆ ਦੇ ਆਰੰਭ

ਨਾਲ ਇਕ ਨਵਾਂ ਮੱਧ-ਵਰਗ ਹੋਂਦ ਵਿਚ ਆਇਆ ਜਿਸ ਦੇ ਸੁਹਜ-ਸੁਆਦ ਪਰੰਪਰਾਗਤ ਲੀਹਾਂ ਤੋਂ ਹਟ ਕੇ ਸਨ। ਇਸ ਵਰਗ ਨੇ ਪੱਛਮੀ ਤਰਜ਼ ਦੀ ਵਿਦਿਆ ਗ੍ਰਹਿਣ ਕੀਤੀ ਹੋਈ ਸੀ। ਪੱਛਮੀ ਸਾਹਿਤ ਰੂਪਾਂ ਤੋਂ ਜਾਣੂੰ ਇਹ ਸ਼੍ਰੇਣੀ ਇਨ੍ਹਾਂ ਸਾਹਿਤ ਰੂਪਾਂ ਨੂੰ ਆਪਣੀ ਭਾਸ਼ਾ ਵਿਚ ਵੀ ਵੇਖਣ ਦੀ ਚਾਹਵਾਨ ਸੀ ਇਸ ਤਾਂਘ ਅਧੀਨ ਇਸ ਸ਼੍ਰੇਣੀ ਨੇ ਇਨ੍ਹਾਂ ਸਾਹਿਤ ਰੂਪਾਂ ਦੇ ਤਜਰਬੇ ਆਪਣੀ ਭਾਸ਼ਾ ਵਿਚ ਕੀਤੇ। ਦੂਸਰੇ, ਇਸ ਸਮੇਂ ਦੌਰਾਨ ਬਹੁਤ ਸਾਰੇ ਨਵੇਂ ਰਿਸਾਲੇ ਪ੍ਰਕਾਸ਼ਿਤ ਹੋਣੇ ਸ਼ੁਰੂ ਹੋਏ। ਇਨ੍ਹਾਂ ਰਿਸਾਲਿਆਂ ਦੀਆਂ ਲੋੜਾਂ ਦੀ ਪੂਰਤੀ ਲਈ ਕਹਾਣੀ ਸਭ ਤੋਂ ਢੁਕਵੀਂ ਵਿਧਾ ਸੀ। ਇਸ ਕਰਕੇ ਇਸ ਵਿਧਾ ਨੂੰ ਨਿਖਾਰਣ ਤੇ ਹਰਮਨ ਪਿਆਰੀ ਬਣਾਉਣ ਵਿਚ ਸਾਹਿਤਕ ਪੱਤਰਕਾਰੀ ਦੀ ਦੇਣ ਵੀ ਮਹੱਤਵਪੂਰਣ ਸੀ। ਇਨ੍ਹਾਂ ਸਮੁੱਚੇ ਹਾਲਾਤ ਦੇ ਕਾਰਣ ਹੀ ਇਹ ਵਿਧਾ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਵਿਧਾ ਦੇ ਰੂਪ ਵਿਚ ਪ੍ਰਵਾਨ ਹੋਈ।

ਇੱਥੇ ਸਾਡਾ ਸਰੋਕਾਰ ਸਿਰਫ਼ ਉਨ੍ਹਾਂ ਰਚਨਾਵਾਂ ਜਾਂ ਰਚਨਾਕਾਰਾਂ ਤੱਕ ਸੀਮਿਤ ਹੈ ਜਿਨ੍ਹਾਂ ਨੇ ਸੰਤ ਸਿੰਘ ਸੇਖੋਂ ਦੀ ਪੰਜਾਬੀ ਕਹਾਣੀ ਵਿਚ ਆਮਦ ਤੋਂ ਪਹਿਲਾਂ ਕਿਸਾਨੀ ਜੀਵਨ ਨੂੰ ਆਧਾਰ ਬਣਾ ਕੇ ਕਹਾਣੀ ਰਚਨਾ ਕੀਤੀ ਹੈ। ਇਸ ਪ੍ਰਸੰਗ ਵਿਚ ਜਦੋਂ ਅਸੀਂ ਪੰਜਾਬੀ ਕਹਾਣੀ ਦਾ ਅਧਿਐਨ ਕਰਦੇ ਹਾਂ ਤਾਂ ਪੰਜਾਬੀ ਕਹਾਣੀ ਵਿਚ ਕਿਸਾਨੀ ਜੀਵਨ ਦੀ ਪੇਸ਼ਕਾਰੀ ਨਾਲ ਸੰਬੰਧਿਤ ਪਹਿਲਾ ਕਹਾਣੀਕਾਰ ਹੀਰਾ ਸਿੰਘ ਦਰਦ ਹੈ। ਦਰਦ ਮੂਲ ਰੂਪ ਵਿਚ ਪ੍ਰਗਤੀਵਾਦੀ ਚੇਤਨਾ ਤੋਂ ਪ੍ਰਭਾਵਿਤ ਲੇਖਕ ਸੀ, ਜਿਸਨੇ 'ਫੁਲਵਾੜੀ' ਰਿਸਾਲੇ ਰਾਹੀਂ ਦੇਸ਼ ਦੀ ਆਜ਼ਾਦੀ ਦੇ ਮਸਲੇ ਨੂੰ ਉਭਾਰਨ ਦੇ ਨਾਲ-ਨਾਲ ਪੰਜਾਬੀ ਕਹਾਣੀ ਦੇ ਵਿਕਾਸ ਵਿਚ ਵੀ ਅਹਿਮ ਹਿੱਸਾ ਪਾਇਆ। ਦਰਦ ਦੀਆਂ ਵਧੇਰੇ ਕਹਾਣੀਆਂ ਸਿੱਧੇ ਰੂਪ ਵਿਚ ਕਿਸਾਨੀ ਜੀਵਨ ਦੀ ਪੇਸ਼ਕਾਰੀ ਨਹੀਂ ਕਰਦੀਆਂ, ਸਗੋਂ ਉਨ੍ਹਾਂ ਵਿਚ ਗੁਰਦਵਾਰਾ ਸੁਧਾਰ ਲਹਿਰ ਦੇ ਪ੍ਰਸੰਗ ਵਿਚ ਕਿਸਾਨੀ ਦੀ ਧਰਮ ਆਧਾਰਿਤ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ ਅਤੇ ਇਨ੍ਹਾਂ ਵਿਚ ਕਿਸਾਨੀ ਦੀ ਮਾਨਸਿਕਤਾ ਉੱਪਰ ਧਰਮ ਦੇ ਗਹਿਰੇ ਪ੍ਰਭਾਵਾਂ ਨੂੰ ਦਰਸਾਇਆ ਗਿਆ ਹੈ। ਕਿਸਾਨੀ ਦੀ ਮਾਨਸਿਕਤਾ ਉੱਪਰ ਧਰਮ ਦਾ ਪ੍ਰਭਾਵ ਇਤਨਾ ਵਿਆਪਕ ਤੇ ਗਹਿਰਾ ਹੁੰਦਾ ਹੈ ਕਿ ਧਰਮ ਤੋਂ ਬਿਨਾਂ ਇਸ ਵਰਗ ਨੂੰ ਆਪਣਾ-ਆਪ ਅਧੂਰਾ ਪ੍ਰਤੀਤ ਹੁੰਦਾ ਹੈ, ਉਸਦੀ ਸਮੁੱਚੀ ਜੀਵਨ-ਜਾਚ ਹੀ ਧਰਮ

ਮੁਤਾਬਿਕ ਢਲੀ ਹੋਈ ਹੁੰਦੀ ਹੈ। ਇਹ ਜੀਵਨ-ਜਾਚ ਕਰਮ-ਕਾਂਡ ਆਧਾਰਿਤ ਨਹੀਂ ਹੁੰਦੀ, ਸਗੋਂ ਕਿਸਾਨੀ ਕਰਮ-ਕਾਂਡ ਤੋਂ ਦੂਰ ਰਹਿੰਦੀ ਹੋਈ ਵੀ ਧੁਰ ਅੰਦਰੋਂ ਧਾਰਮਿਕ ਹੁੰਦੀ ਹੈ ਅਤੇ ਉਸਦਾ ਸਮੁੱਚਾ ਜੀਵਨ-ਦਰਸ਼ਨ ਧਰਮ ਦੁਆਲੇ ਹੀ ਉਸਰਿਆ ਹੋਇਆ ਹੁੰਦਾ ਹੈ। ਇਸਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਖੇਤੀ ਦਾ ਕਿੱਤਾ ਸਿੱਧੇ ਰੂਪ ਵਿਚ ਕੁਦਰਤ ਨਾਲ ਜੁੜਿਆ ਹੋਇਆ ਹੈ, ਜਿੱਥੇ ਫਸਲ ਪੱਕ ਕੇ ਘਰ ਪਹੁੰਚਣ ਤੱਕ ਨਿਰੰਤਰ ਅਨਿਸ਼ਚਿਤਤਾ ਬਣੀ ਰਹਿੰਦੀ ਹੈ, ਇਹ ਅਨਿਸ਼ਚਿਤਤਾ ਹੀ ਕਿਸਾਨੀ ਦਾ ਕੁਦਰਤੀ ਸ਼ਕਤੀਆਂ ਵਿਚ ਵਿਸ਼ਵਾਸ ਪੱਕਿਆ ਕਰਦੀ ਹੈ। ਦਰਦ ਨੇ ਆਪਣੀ ਪੁਸਤਕ ‘ਕਿਸਾਨ ਦੀਆਂ ਆਹੀਂ’ ਵਿਚ ਕਿਸਾਨੀ ਦੀ ਨਿੱਘਰ ਰਹੀ ਆਰਥਿਕ ਹਾਲਤ ਨੂੰ ਪੇਸ਼ ਕੀਤਾ ਹੈ। ਲੇਖਕ ਦਾ ਕਿਸਾਨੀ ਪ੍ਰਤਿ ਨਜ਼ਰੀਆ ਉਸਦੀ ਪੁਸਤਕ ਦੇ ਸਿਰਲੇਖ ਤੋਂ ਹੀ ਭਲੀਭਾਂਤ ਉਜਾਗਰ ਹੋ ਜਾਂਦਾ ਹੈ।

ਦੂਸਰੇ, ਇਸ ਪੁਸਤਕ ਦੀ ਭੂਮਿਕਾ ਵਿਚ ਵੀ ਲੇਖਕ ਸਿੱਧੇ ਰੂਪ ਵਿਚ ਕਿਸਾਨੀ ਦੇ ਮਸਲਿਆਂ ਨੂੰ ਸੰਬੋਧਿਤ ਹੁੰਦਾ ਹੈ। ਲੇਖਕ ਮੁਤਾਬਿਕ ਭਾਵੇਂ ਵਡਿਆਉਣ ਲਈ ਕਿਸਾਨ ਨੂੰ ‘ਅੰਨਦਾਤਾ’ ਕਿਹਾ ਜਾਂਦਾ ਹੈ, ਪਰ ਵਿਹਾਰਕ ਰੂਪ ਵਿਚ ਤਾਂ ਉਸਨੂੰ ਉਸਦੀ ਮਿਹਨਤ ਦਾ ਮੁੱਲ ਵੀ ਨਹੀਂ ਦਿੱਤਾ ਜਾਂਦਾ। ਕਿਸਾਨ ਸਿਰਫ਼ ਅੰਨਦਾਤਾ ਹੀ ਨਹੀਂ, ਸਗੋਂ ਹਕੂਮਤ ਦੀ ਸਲਾਮਤੀ ਵੀ ਕਿਸਾਨੀ ਉੱਪਰ ਹੀ ਨਿਰਭਰ ਹੈ, ਜੋ ਫੌਜ ਤੇ ਪੁਲੀਸ ਵਿਚ ਭਰਤੀ ਹੋ ਕੇ ਦੇਸ਼ ਦੀ ਅੰਦਰੋਂ ਤੇ ਬਾਹਰੋਂ ਰਖਵਾਲੀ ਕਰਦੀ ਹੈ।[21] ਪਰ ਇਸ ਦੇ ਬਾਵਜੂਦ ਆਰਥਕ ਸੰਕਟ ਦੇ ਮੂੰਹ ਆਈ ਕਿਸਾਨੀ ਜਦ ਕਦੇ ਵੀ ਆਪਣੀਆਂ ਮੁਸ਼ਕਲਾਂ ਦੇ ਹੱਲ ਲੱਭਣ ਲਈ ਯਤਨਸ਼ੀਲ ਹੁੰਦੀ ਹੈ ਤਾਂ ਹਕੂਮਤਾਂ ਉਸ ਨਾਲ ਬਾਗ਼ੀਆਂ ਵਰਗਾ ਵਿਹਾਰ ਕਰਕੇ ਜਿਹਲਾਂ ਵਿਚ ਸੁੱਟਣ ਤੋਂ ਵੀ ਨਹੀਂ ਝਿਜਕਦੀਆਂ।[22]

ਜ਼ਮੀਨ-ਜਾਇਦਾਦ ਦੀ ਮਾਲਕ ਹੁੰਦੀ ਹੋਈ ਵੀ ਕਿਸਾਨੀ-ਆਰਥਕ ਤੌਰ ’ਤੇ ਕਦੇ ਵੀ ਖ਼ੁਸ਼ਹਾਲ ਨਹੀਂ ਰਹੀ ਤੇ ਨਾ ਹੀ ਉਸਦਾ ਜੀਵਨ ਕਦੇ ਖੁਸ਼ੀਆਂ ਭਰਿਆ ਰਿਹਾ ਹੈ। ਕਰਜ਼ੇ ਵਿਚ ਜੰਮਣਾ, ਜਿਉਣਾ ਤੇ ਕਰਜ਼ੇ ਵਿਚ ਹੀ ਮਰ ਜਾਣਾ ਕਿਸਾਨੀ ਜੀਵਨ ਦੀ ਹੋਣੀ ਬਣਿਆ ਰਿਹਾ ਹੈ ਤੇ ਅਜੇ ਵੀ ਇਸ ਸਥਿਤੀ ਵਿਚ ਕੋਈ ਸਿਫ਼ਤੀ ਤਬਦੀਲੀ ਨਜ਼ਰ ਨਹੀਂ ਆਉਂਦੀ। ‘ਗੁਰੂ ਬਿਨਾਂ ਗੱਤ ਨਹੀਂ ਤੇ ਸ਼ਾਹ ਬਿਨਾਂ ਪੱਤ

ਨਹੀਂ’ ਜਾਂ ‘ਜੱਟਾ ਤੇਰੀ ਜੂਨੀ ਬੁਰੀ’ ਵਰਗੇ ਲੋਕ ਅਖਾਣ ਕਿਸਾਨੀ ਦੀ ਮੰਦੀ ਆਰਥਕ ਹਾਲਤ ਤੇ ਮੁਸ਼ੱਕਤ ਭਰੀ ਜ਼ਿੰਦ.ਗੀ ਦਾ ਹੀ ਪ੍ਰਗਟਾਵਾ ਕਰਦੇ ਹਨ। ਇਸਦੇ ਬਾਵਜੂਦ ਕਿਸਾਨੀ ਸਬਰ-ਸੰਤੋਖ ਤੇ ਕਿਰਤ ਦਾ ਪੱਲਾ ਕਦੇ ਨਹੀਂ ਛੱਡਦੀ। ਧਰਮ ਦੇ ਆਸ਼ਿਆਂ ਮੁਤਾਬਿਕ ਢਲੀ ਹੋਈ ਉਸਦੀ ਮਾਨਸਿਕਤਾ ਉਸਨੂੰ ਮੁਸ਼ਕਲਾਂ ਦੇ ਬਾਵਜੂਦ ਇਸੇ ਰਾਹ ’ਤੇ ਤੋਰੀ ਰੱਖਦੀ ਹੈ ਤੇ ਉਹ ਆਪਣੀ ਥੁੜ੍ਹਾ ਭਰੀ ਜ਼ਿੰਦ.ਗੀ ਵਿਚੋਂ ਹੀ ਸੰਤੁਸ਼ਟੀ ਭਾਲਣ ਦਾ ਯਤਨ ਕਰਦੀ ਰਹਿੰਦੀ ਹੈ।

ਦਰਦ ਨੇ ਜਦੋਂ ਕਹਾਣੀ ਰਚਨਾ ਸ਼ੁਰੂ ਕੀਤੀ ਸੀ ਉਸ ਵੇਲੇ ਦੇਸ਼ ਦੀ ਆਜ਼ਾਦੀ ਦੀ ਲਹਿਰ ਆਪਣਾ ਸਰੂਪ ਗ੍ਰਹਿਣ ਕਰ ਚੁੱਕੀ ਸੀ ਤੇ ਦੇਸ਼ ਸੰਪੂਰਨ ਆਜ਼ਾਦੀ ਦੀ ਮੰਗ ਕਰ ਰਿਹਾ ਸੀ। ਲੋਕ ਬਸਤੀਵਾਦੀ ਹਕੂਮਤ ਦੇ ਖ਼ਿਲਾਫ਼ ਸੁਚੇਤ ਹੋ ਕੇ ਜਥੇਬੰਦ ਹੋ ਰਹੇ ਸਨ। ਆਜ਼ਾਦੀ ਦੀ ਲੜਾਈ ਸਿਰਫ਼ ਸਿੱਧੇ ਰੂਪ ਵਿਚ ਹੀ ਨਹੀਂ ਸਗੋਂ ਅਸਿੱਧੇ ਰੂਪ ਵਿਚ ਵੀ ਲੜੀ ਜਾ ਰਹੀ ਸੀ। ਸਿੱਖਾਂ ਦੁਆਰਾ ਆਪਣੇ ਧਾਰਮਿਕ ਸਥਾਨਾਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਦਾ ਸੰਘਰਸ਼ ਭਾਵੇਂ ਦਿੱਖ ਦੀ ਪੱਧਰ ’ਤੇ ਮਹੰਤਾਂ ਦੇ ਖਿਲਾਫ਼ ਸੇਧਿਤ ਸੀ, ਪਰ ਸਾਮਰਾਜੀ ਸਰਕਾਰ ਮਹੰਤਾਂ ਦੀ ਪਿੱਠ ’ਤੇ ਹੋਣ ਕਰਕੇ ਅਸਿੱਧੇ ਢੰਗ ਨਾਲ ਇਹ ਸੰਘਰਸ਼ ਸਰਕਾਰ ਦੇ ਖ਼ਿਲਾਫ਼ ਆਜ਼ਾਦੀ ਦੀ ਲੜਾਈ ਦੀ ਹੀ ਇਕ ਕੜੀ ਸੀ। ਹੀਰਾ ਸਿੰਘ ਦਰਦ ਦੀਆਂ ਕਿਸਾਨੀ ਨਾਲ ਸੰਬੰਧਿਤ ਕਹਾਣੀਆਂ ਇਸੇ ਲਹਿਰ ਤੇ ਇਸ ਵਿਚ ਪੰਜਾਬ ਦੀ ਕਿਸਾਨੀ ਦੀ ਸ਼ਮੂਲੀਅਤ ਨੂੰ ਪੇਸ਼ ਕਰਦੀਆਂ ਹਨ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ‘ਸੇਵਾਦਾਰ’ ਇਕ ਸਾਧਾਰਣ ਕਿਸਾਨ ਸੇਵਾ ਸਿੰਘ ਦੀ ਮੁਸ਼ੱਕਤ ਭਰੀ ਜ਼ਿੰਦ.ਗੀ ਨੂੰ ਚਿਤਰਦੀ ਹੈ। ਕਿਸਾਨੀ ਦੀ ਸੋਚ ਉੱਪਰ ਧਰਮ ਦਾ ਪ੍ਰਭਾਵ ਬਹੁਤ ਗਹਿਰਾ ਹੁੰਦਾ ਹੈ। ਕਿਸਾਨੀ ਲਈ ਧਰਮ ਸਵਰਗ ਪ੍ਰਾਪਤੀ ਜਾਂ ਮੁਕਤੀ ਦਾ ਸਾਧਨ ਮਾਤਰ ਨਹੀਂ, ਸਗੋਂ ਧਰਮ ਕਿਸਾਨੀ ਦੀ ਜੀਵਨ-ਜਾਚ ਦਾ ਧੁਰਾ ਹੈ। ਭਾਵੇਂ ਕਿਸਾਨੀ ਆਪਣੀ ਕਿੱਤੇ ਦੀਆਂ ਮਜਬੂਰੀਆਂ ਕਰਕੇ ਧਾਰਮਿਕ ਰਵਾਇਤਾਂ ਵਿਚ ਪਰਿਪੱਕ ਨਾ ਵੀ ਹੋਵੇ, ਪਰ ਧੁਰ ਅੰਦਰ ਧਰਮ ਉਸਦੀ ਰਗ-ਰਗ ਵਿਚ ਸਮਾਇਆ ਹੁੰਦਾ ਹੈ। ਇਸੇ ਲਈ ਜਦੋਂ ਗੁਰਦਵਾਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸੰਘਰਸ਼ ਆਰੰਭ ਹੋਇਆ ਸੀ ਤਾਂ ਇਸ ਵਿਚ ਸਭ ਤੋਂ ਵੱਧ ਸ਼ਮੂਲੀਅਤ ਇਸੇ ਹੀ ਵਰਗ ਦੀ ਸੀ ਅਤੇ

ਕਿਸਾਨੀ ਨੇ ਮਹੰਤਾਂ ਦੇ ਨਾਲ-ਨਾਲ ਸਰਕਾਰ ਦੇ ਜਬਰ ਨੂੰ ਬੜੇ ਹੀ ਸਬਰ ਨਾਲ ਆਪਣੇ ਤਨ-ਮਨ ’ਤੇ ਹੰਢਾਇਆ ਸੀ। ਕਿਸਾਨੀ ਨੇ ਸਿਰਫ਼ ਜੇਲ੍ਹਾਂ ਹੀ ਨਹੀਂ ਸਨ ਕੱਟੀਆਂ, ਸਗੋਂ ਘਰ-ਬਾਰ ਤੇ ਜ਼ਮੀਨਾਂ ਵੀ ਕੁਰਕ ਕਰਵਾਈਆਂ ਸਨ, ਪਰ ਆਪਣੀ ਵਿਸ਼ੇਸ਼ ਮਾਨਸਿਕ ਬਣਤਰ ਕਰਕੇ ਕਦੇ ਵੀ ਇਸ ਕੁਰਬਾਨੀ ਵਾਲੇ ਰਸਤੇ ਤੋਂ ਪਿਛਾਂਹ ਪਤਰਣ ਬਾਰੇ ਨਹੀਂ ਸੋਚਿਆ। ਇਸ ਕਹਾਣੀ ਵਿਚ ਕਿਸਾਨੀ ਦੀ ਇਸ ਮਾਨਸਿਕਤਾ ਦਾ ਵਰਣਨ ਕਹਾਣੀਕਾਰ ਨੇ ਕੀਤਾ ਹੈ ਕਿ ਸਰਕਾਰ ਦੇ ਯਤਨਾਂ ਦੇ ਬਾਵਜੂਦ ਕਿਸੇ ਵੀ ਵਰਕਰ ਵੱਲੋਂ ਆਪਣੀ ਰਿਹਾਈ ਲਈ ਮੁਆਫ਼ੀ ਨਾ ਮੰਗਣਾ ਕਿਸਾਨੀ ਦੇ ਇਸੇ ਹੀ ਸਿਰੜ ਦਾ ਪ੍ਰਮਾਣ ਕਿਹਾ ਜਾ ਸਕਦਾ ਹੈ। ਹਾਲਾਂਕਿ ਵਰਕਰਾਂ ਦਾ ਮਨੋਬਲ ਤੋੜਨ ਤੇ ਲੀਡਰਸ਼ਿਪ ਤੇ ਵਰਕਰਾਂ ਵਿਚ ਭੁਲੇਖੇ ਪਾਉਣ ਲਈ ਜੇਲ੍ਹ ਦੇ ਅਮਲੇ ਵੱਲੋਂ ਸੁਚੇਤ ਯਤਨ ਕੀਤੇ ਜਾਂਦੇ ਰਹੇ ਸਨ।[23] ਗੁਰਦਵਾਰਾ ਸੁਧਾਰ ਲਹਿਰ ਤੋਂ ਪਹਿਲਾਂ ਸਾਮਰਾਜ ਤੇ ਕਿਸਾਨੀ ਦੇ ਰਿਸ਼ਤੇ ਮੁਕਾਬਲਤਨ ਸੁਖਾਵੇਂ ਸਨ, ਕਿਉਂਕਿ, ਸਾਮਰਾਜ ਦੀ ਸਲਾਮਤੀ ਦਾ ਸਮੁੱਚਾ ਦਾਰੋਮਦਾਰ ਫ਼ੌਜ ਉੱਤੇ ਹੀ ਟਿਕਿਆ ਹੋਇਆ ਹੁੰਦਾ ਹੈ ਤੇ ਫ਼ੌਜ ਵਿਚ ਵੀ ਵਧੇਰੇ ਕਿਸਾਨੀ ਦੀ ਹੀ ਗਿਣਤੀ ਸੀ। ਇਸ ਬੱਝਵੀਂ ਤਨਖ਼ਾਹ ਨਾਲ ਕਿਸਾਨੀ ਦੀ ਆਰਥਕ ਹਾਲਤ ਵਿਚ ਵੀ ਸੁਧਾਰ ਹੋਇਆ ਸੀ, ਪਰ ਜਦੋਂ ਧਰਮ ਤੇ ਆਰਥਕ ਹਿਤਾਂ ਵਿਚੋਂ ਕਿਸੇ ਇਕ ਦੀ ਚੋਣ ਕਰਨ ਦਾ ਮੌਕਾ ਆਇਆ ਤੇ ਇਸ ਵਰਗ ਨੇ ਆਰਥਿਕ ਹਿੱਤਾਂ ਦੇ ਮੁਕਾਬਲੇ ਆਪਣੇ ਧਾਰਮਿਕ ਵਿਸ਼ਵਾਸਾਂ ਨੂੰ ਹੀ ਪਹਿਲ ਦਿੱਤੀ ਸੀ। ਆਪਣੇ ਡੂੰਘੇ ਧਾਰਮਿਕ ਵਿਸ਼ਵਾਸਾਂ ਕਰਕੇ ਹੀ ਕਿਸਾਨੀ ਨੇ ਇਸ ਲੜਾਈ ਵਿਚ ਮੁਹਰੈਲ ਦੀ ਭੂਮਿਕਾ ਨਿਭਾਈ ਸੀ।

ਧਾਰਮਿਕ ਆਸ਼ਿਆਂ ਮੁਤਾਬਿਕ ਢਲੀ ਹੋਈ ਮਾਨਸਿਕਤਾ ਕਰਕੇ ਹੀ ਕਿਸਾਨੀ ਲਈ ਇਹ ਲੜਾਈ ਧਰਮਯੁੱਧ ਸੀ ਤੇ ਇਸ ਸੰਘਰਸ਼ ਵਿਚ ਹੋਈ ਮੌਤ ਸ਼ਹਾਦਤ ਵਰਗੀ ਸੀ। ਇਸ ਲਈ ਕਿਸਾਨੀ ਲਈ ਇਹ ਸੰਘਰਸ਼ ਮੁਕਤੀ ਦਾ ਮਾਰਗ ਸੀ ਤੇ ਇਹ ਮੁਕਤੀ ਅਧਿਆਤਮਕ ਦੇ ਨਾਲ-ਨਾਲ ਸੰਸਾਰਕ ਵੀ ਸੀ। ਲੇਖਕ ਨੇ ਆਪਣੀ ਇਸ ਕਹਾਣੀ ‘ਸੇਵਾਦਾਰ’ ਵਿਚ ਜਿੱਥੇ ਕਿਸਾਨੀ ਦੇ ਇਸ ਜਜ਼ਬੇ ਨੂੰ ਉਭਾਰਿਆ ਹੈ ਉੱਥੇ ਇਸ ਲਹਿਰ ਦੇ ਲੀਡਰਾਂ ਦੇ ਦੋਗਲੇ ਕਿਰਦਾਰ ਨੂੰ ਵੀ ਵਿਅੰਗ ਦਾ ਨਿਸ਼ਾਨਾ ਬਣਾਇਆ ਹੈ ਕਿ

ਕਿਸ ਤਰ੍ਹਾਂ ਕੁਰਬਾਨੀਆਂ ਕਰਨ ਵਾਲੇ, ਘਰ-ਬਾਰ ਕੁਰਕ ਕਰਵਾਉਣ ਵਾਲੇ ਵਰਕਰ ਗੁਰਦਵਾਰਿਆਂ ’ਤੇ ਕਾਬਜ਼ ਹੋਣ ਤੋਂ ਬਾਅਦ ਅਧਵਾਟੇ ਹੀ ਛੱਡ ਦਿੱਤੇ ਗਏ ਤੇ ਗੁਰਦਵਾਰਿਆਂ ’ਤੇ ਕਾਬਜ਼ ਹੋਏ ਨਵੇਂ ਜੱਥੇਦਾਰ ਮਹੰਤਾਂ ਤੋਂ ਵੀ ਮਾੜੇ ਸਿੱਧ ਹੋਏ। ਗੁਰਦਵਾਰਿਆਂ ਨੂੰ ਆਜ਼ਾਦ ਕਰਵਾਉਣ ਵਾਲੇ ‘ਵਰਕਰਾਂ ਨੂੰ ਗੁਰਦਵਾਰਿਆਂ ਦੀ ਸੇਵਾ-ਸੰਭਾਲ ਲਈ ਨੌਕਰੀਆਂ ਤਾਂ ਦਿੱਤੀਆਂ ਗਈਆਂ, ਪਰ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਣ ਦੀ ਥਾਂ ਉਨ੍ਹਾਂ ਨੂੰ ਨਿੱਜੀ ਸੇਵਾਦਾਰਾਂ ਤੋਂ ਵੱਧ ਕੁਝ ਨਹੀਂ ਸਮਝਿਆ ਗਿਆ।

‘ਸੇਵਾਦਾਰ’ ਕਹਾਣੀ ਦਾ ਮੁੱਖ ਪਾਤਰ ਸੇਵਾ ਸਿੰਘ ਵੀ ਇਸ ਲਹਿਰ ਦਾ ਹਿੱਸਾ ਬਣਨ ਤੋਂ ਪਹਿਲਾਂ ਪਿੰਡ ਦਾ ਛੋਟਾ ਪਰ ਸੁਖੀ ਵਸਦਾ ਕਿਸਾਨ ਸੀ ਜਿਸਦੇ ਕੋਠੇ ਦਾਣਿਆਂ ਨਾਲ ਭਰੇ ਰਹਿੰਦੇ ਸਨ।[24] ਪਰ ਗੁਰਦਵਾਰਾ ਸੁਧਾਰ ਲਹਿਰ ਵਿਚ ਆਪਣਾ ਘਰ-ਬਾਰ, ਜ਼ਮੀਨ-ਜਾਇਦਾਦ ਕੁਰਕ ਕਰਵਾ ਕੇ ਪੰਦਰਾਂ ਰੁਪਏ ਦੀ ਨਿਗੂਣੀ ਸੇਵਾਦਾਰ ਦੀ ਨੌਕਰੀ ਕਾਇਮ ਰੱਖਣ ਲਈ ਉਸਨੂੰ ਆਪਣੇ ਸ੍ਵੈ-ਮਾਨ ਨਾਲ ਸਮਝੌਤਾ ਕਰਨਾ ਪੈਂਦਾ ਹੈ ਤੇ ਗੁਰਦਵਾਰਿਆਂ ਦੇ ਪ੍ਰਬੰਧਕੀ ਢਾਂਚੇ ਵਿਚਲੀ ਤਬਦੀਲੀ ਕਰਕੇ ਉਸਨੂੰ ਇਸ ਨੌਕਰੀ ਤੋਂ ਵੀ ਕੱਢ ਦਿੱਤਾ ਜਾਂਦਾ ਹੈ, ਕਿਉਂਕਿ ਉਹ ਪਹਿਲੇ ਧੜੇ ਨਾਲ ਸੰਬੰਧਿਤ ਸਮਝਿਆ ਜਾਂਦਾ ਸੀ। ਸੇਵਾ ਸਿੰਘ ਦਾ ਦੁਖਾਂਤ ਸਿਰਫ਼ ਆਰਥਕ ਬਰਬਾਦੀ ਤੱਕ ਹੀ ਸੀਮਤ ਨਹੀਂ ਰਹਿੰਦਾ, ਸਗੋਂ ਉਸਨੂੰ ਫਿਰ ਜੇਲ੍ਹ ਵਿਚ ਸੁੱਟ ਦਿੱਤਾ ਜਾਂਦਾ ਹੈ ਤੇ ਉਸਦੀ ਪਤਨੀ ਬੀਮਾਰ ਹੋ ਕੇ ਹਸਪਤਾਲ ਤੇ ਬੱਚੇ ਯਤੀਮਖਾਨੇ ਪਹੁੰਚ ਜਾਂਦੇ ਹਨ।

ਇਸੇ ਸੰਗ੍ਰਹਿ ਵਿਚ ਸ਼ਾਮਲ ਦਰਦ ਦੀ ਦੂਸਰੀ ਕਹਾਣੀ ‘ਕਿਰਸਾਨ ਦੀਆਂ ਆਹੀਂ’ ਵੀ ਕਿਸਾਨੀ ਦੇ ਦੁਖਾਂਤ ਨੂੰ ਹੀ ਪੇਸ਼ ਕਰਦੀ ਹੈ ਕਿ ਕਿਸ ਤਰ੍ਹਾਂ ਕੁਦਰਤ ਦੀ ਕਰੋਪੀ ਨਾਲ ਫ਼ਸਲ ਤਬਾਹ ਹੋ ਜਾਣ ਦੀ ਸਥਿਤੀ ਵਿਚ ਕਿਸਾਨੀ ਦੀ ਬਾਂਹ ਫੜਨ ਲਈ ਕੋਈ ਵੀ ਧਿਰ ਅੱਗੇ ਨਹੀਂ ਆਉਂਦੀ। ਵੋਟਾਂ ਪਾ ਕੇ ਚੁਣੇ ਹੋਏ ਲੀਡਰਾਂ ਲਈ ਵੀ ਕਿਸਾਨੀ ਵੋਟ-ਬੈਂਕ ਤੋਂ ਵੱਧ ਅਹਿਮੀਅਤ ਨਹੀਂ ਰੱਖਦੀ। ਵੋਟਾਂ ਵੇਲੇ ਉਸਦੀ ਧਰਮ ਆਧਾਰਿਤ ਮਾਨਸਿਕਤਾ ਨੂੰ ਆਪਣੇ ਹੱਕ ਵਿਚ ਭੁਗਤਾਉਣ ਲਈ ਉਸ ਨਾਲ ਬਹੁਤ ਸਾਰੇ

ਵਾਅਦੇ ਕੀਤੇ ਜਾਂਦੇ ਹਨ, ਪਰ ਵੋਟਾਂ ਤੋਂ ਬਾਅਦ ਸਾਰੇ ਹੀ ਵਾਅਦੇ ਵਿਸਾਰ ਦਿੱਤੇ ਜਾਂਦੇ ਹਨ ਤੇ ਚੁਣੇ ਹੋਏ ਪ੍ਰਤਿਨਿਧ ਆਪਣੇ ਹਿਤਾਂ ਲਈ ਪਾਰਟੀਆਂ ਬਦਲ ਕੇ ਦੂਸਰਿਆਂ ਧੜਿਆਂ ਵਿਚ ਸ਼ਾਮਲ ਹੋ ਜਾਂਦੇ ਹਨ। ਭਾਵੇਂ ਲੋਕਤੰਤਰੀ ਪ੍ਰਬੰਧ ਵਿਚ ਚੋਣਾਂ ਨੂੰ ਸਾਧਾਰਣ ਲੋਕਾਈ ਦੀ ਸ਼ਮੂਲੀਅਤ ਲਈ ਇਕ ਵਧੀਆ ਪ੍ਰਬੰਧ ਸਮਝਿਆ ਜਾਂਦਾ ਹੈ, ਪਰ ਇਸ ਵਿਚ ਪੈਸੇ ਦੇ ਦਖ਼ਲ ਨੇ ਆਮ ਲੋਕਾਂ ਨੂੰ ਸਿਰਫ਼ ਵੋਟਰਾਂ ਵਿਚ ਤਬਦੀਲ ਤੇ ਸੀਮਤ ਕਰ ਦਿੱਤਾ ਹੈ ਤੇ ਇਸ ਵਿਚ ਪੈਸੇ ਦੇ ਦਖ਼ਲ ਨੇ ਇਸ ਪ੍ਰਬੰਧ ਨੂੰ ਸਿਰਫ਼ ਉਪਰਲੀਆਂ ਧਿਰਾਂ ਤੱਕ ਸੀਮਤ ਕਰ ਦਿੱਤਾ ਹੈ।[25]

ਇਸ ਕਹਾਣੀ ਵਿਚ ਕਿਸਾਨੀ ਦੀ ਧਰਮ ਆਧਾਰਿਤ ਮਾਨਸਿਕਤਾ ਨੂੰ ਪੇਸ਼ ਕਰਨ ਦੇ ਨਾਲ-ਨਾਲ ਇਕ ਬਹੁਤ ਹੀ ਮਹੱਤਵਪੂਰਣ ਮਸਲੇ ਨੂੰ ਵੀ ਉਭਾਰਿਆ ਗਿਆ ਹੈ ਤੇ ਕਿਸਾਨੀ ਦੀ ਇਸ ਮਾਨਸਿਕਤਾ ਨੂੰ ਉਸਦੇ ਦੁਖਾਂਤ ਦੇ ਕਾਰਣ ਵਜੋਂ ਵੀ ਚਿਤ੍ਰਿਆ ਗਿਆ ਹੈ ਕਿ ਕਿਸ ਤਰ੍ਹਾਂ ਪ੍ਰਬੰਧ ’ਤੇ ਕਾਬਜ਼ ਧਿਰਾਂ ਆਪਣਾ ਕਬਜ਼ਾ ਬਣਾਈ ਰੱਖਣ ਲਈ ਕਿਸਾਨੀ ਦੀ ਇਸ ਮਾਨਸਿਕਤਾ ਨੂੰ ਆਪਣੇ ਹੱਕ ਵਿਚ ਭੁਗਤਾਉਂਦੀਆਂ ਹਨ। ਹਾਲਾਂਕਿ ਇਸ ਕਹਾਣੀ ਦਾ ਕੇਂਦਰੀ ਪਾਤਰ ਲਛਮਣ ਸਿੰਘ ਵੋਟਾਂ ਦੇ ਪ੍ਰਸੰਗ ਵਿਚ ਧਰਮ ਦੇ ਦਖ਼ਲ ਦਾ ਵਿਰੋਧ ਕਰਦਾ ਹੈ ਕਿ ਇਸ ਨਾਲ ਪੰਥ ਨੂੰ ਹਾਨੀ ਹੋਣ ਦਾ ਡਰ ਹੈ[26] ਪਰ ਉਸਦੀ ਗੱਲ ਨੂੰ ਅਣਸੁਣਿਆ ਕਰ ਦਿੱਤਾ ਜਾਂਦਾ ਹੈ। ਲਛਮਣ ਸਿੰਘ ਪੰਥ ਦੇ ਅਜਿਹੇ ਲੀਡਰਾਂ ਦੀਆਂ ਚਲਾਕੀਆਂ ਨੂੰ ਭਲੀ-ਭਾਂਤ ਸਮਝਦਿਆਂ ਹੋਇਆ ਵੀ ਭਾਈਚਾਰੇ ਵਿਚ ਨਿੱਖੜ ਜਾਣ ਦੇ ਡਰ ਕਰਕੇ ਇਸਨੂੰ ਮੰਨਣ ਲਈ ਮਜਬੂਰ ਹੋ ਜਾਂਦਾ ਹੈ। ਲੇਖਕ ਮੁਤਾਬਿਕ ਕਿਸਾਨੀ ਦੀ ਇਹ ਧਰਮ ਆਧਾਰਿਤ ਮਾਨਸਿਕਤਾ ਹੀ ਉਸਦੇ ਦੁਖਾਂਤ ਦਾ ਕਾਰਣ ਬਣ ਜਾਂਦੀ ਹੈ। ਇਕ ਪਾਸੇ ਧਰਮ ਤੇ ਦੂਸਰੇ ਪਾਸੇ ਕਿਸਾਨੀ ਲਈ ਕੰਮ ਕਰਨ ਵਾਲੇ ਕਿਸਾਨ ਵਰਕਰ, ਜੋ ਪਿੰਡਾਂ ਵਿਚ ਕਿਸਾਨ ਕਮੇਟੀਆਂ ਬਣਾ ਕੇ ਕਿਸਾਨੀ ਨੂੰ ਜਥੇਬੰਦ ਕਰਨ ਤੇ ਉਨ੍ਹਾਂ ਦੀਆਂ ਮੰਗਾਂ ਨੂੰ ਉਭਾਰਣ ਲਈ ਯਤਨਸ਼ੀਲ ਸਨ, ਦੇ ਵਿਰੋਧ ਵਿਚ ਕਿਸਾਨੀ ਦੀ ਉਪਰਲੀ ਧਿਰ, ਜੋ ਵੱਡੇ ਜ਼ਿਮੀਂਦਾਰ ਹਨ ਤੇ ਜਿਨ੍ਹਾਂ ਦੀ ਸਿੱਖੀ ਦੇ ਰੂਹਾਨੀ ਰਹਿਨੁਮਾਈ ਵਾਲੇ ਧਾਰਮਿਕ ਸਥਾਨਾਂ ’ਤੇ ਕਾਬਜ਼ ਧਿਰਾਂ ਨਾਲ ਸਾਂਝ ਹੈ, ਕਿਸਾਨੀ ਦੇ ਆਰਥਕ ਹਿਤਾਂ ਲਈ ਇਕੱਠੇ ਹੋਣ

ਦੇ ਰਾਹ ਵਿਚ ਰੋੜਾ ਬਣਦੇ ਹਨ ਤੇ ਇਹ ਵਰਤਾਰਾ ਅਜੋਕੇ ਸਮਿਆਂ ਵਿਚ ਵੀ ਜਾਰੀ ਹੈ ਤੇ ਇਨ੍ਹਾਂ ਸਥਾਨਾਂ ਦੀ ਵਰਤੋਂ ਰੂਹਾਨੀ ਰਹਿਨੁਮਾਈ ਲਈ ਨਹੀਂ, ਸਗੋਂ ਸੱਤਾ ਪ੍ਰਾਪਤੀ ਜਾਂ ਇਸਨੂੰ ਕਾਇਮ ਰੱਖਣ ਲਈ ਕੀਤੀ ਜਾਂਦੀ ਰਹੀ ਹੈ ਤੇ ਅੱਜ ਵੀ ਹੋ ਰਹੀ ਹੈ। ਸਿੱਟੇ ਵਜੋਂ ਕਿਸਾਨੀ ਹਰ ਵਾਰ ਆਪਣੇ ਆਰਥਕ ਹਿਤਾਂ ਤੇ ਉਨ੍ਹਾਂ ਲਈ ਸੰਘਰਸ਼ ਕਰਨ ਵਾਲੀਆਂ ਧਿਰਾਂ ਨੂੰ ਅੱਖੋਂ ਪਰੋਖੇ ਕਰਕੇ ਧਰਮ ’ਤੇ ਪੂਰਿਆਂ ਉਤਰਨ ਦਾ ਯਤਨ ਕਰਦੀ ਹੈ ਤੇ ਸੁਭਾਵਿਕ ਹੀ ਉਸਦੇ ਇਹ ਯਤਨ ਉਸਨੂੰ ਹੋਰ ਵੀ ਆਰਥਕ ਮੰਦਹਾਲੀ ਵੱਲ ਧੱਕ ਦੇਂਦੇ ਹਨ ਤੇ ਧਰਮ ਦੇ ਰਾਹ ’ਤੇ ਤੁਰਨ ਦੀ ਮਾਨਸਿਕ ਤਸੱਲੀ ਹੀ ਉਸਦੇ ਹਿੱਸੇ ਆਉਂਦੀ ਹੈ।

ਹੀਰਾ ਸਿੰਘ ਦਰਦ ਦੀ ਤੀਸਰੀ ਕਹਾਣੀ ‘ਕਿਸਾਨ ਵਰਕਰ ਦਾ ਇਨਾਮ’ ਵੀ ਇਸੇ ਹੀ ਵਿਸ਼ੇ ਨੂੰ ਹੋਰ ਵਿਸਥਾਰ ਦੇਂਦੀ ਹੈ। ਕਹਾਣੀ ਦਾ ਪਾਤਰ ਕਰਤਾਰ ਸਿੰਘ ਕਿਰਤੀ ਪਿੰਡ-ਪਿੰਡ ਕਿਸਾਨ ਕਮੇਟੀਆਂ ਬਣਾ ਕੇ ਕਿਸਾਨੀ ਨੂੰ ਜਥੇਬੰਦ ਕਰ ਰਿਹਾ ਹੈ ਤਾਂ ਕਿ ਕਿਸਾਨੀ ਨੂੰ ਉਸਦੇ ਆਰਥਿਕ ਹਿਤਾਂ ਪ੍ਰਤਿ ਸੁਚੇਤ ਕਰਕੇ ਲੜਨ ਲਈ ਪ੍ਰੇਰਿਆ ਜਾ ਸਕੇ। ਕਿਸਾਨੀ ਦੀ ਇਹ ਜਥੇਬੰਦੀ ਸਥਾਪਤੀ ਲਈ ਖ਼ਤਰਾ ਬਣ ਸਕਦੀ ਹੈ। ਇਸ ਲਈ ਸਥਾਪਤ ਨਿਜ਼ਾਮ ਇਨ੍ਹਾਂ ਕਿਸਾਨ ਵਰਕਰਾਂ ਨੂੰ ਕਿਸਾਨੀ ਨਾਲੋਂ ਤੋੜਨ ਲਈ ਹਰ ਹੀਲਾ ਵਰਤਦਾ ਹੈ, ਇੱਥੋਂ ਤਕ ਕਿ ਧਾਰਮਿਕ ਆਗੂ ਵੀ ਆਪਣੇ ਹਿਤਾਂ ਦੀ ਖ਼ਾਤਿਰ ਇਸ ਸੰਘਰਸ਼ ਵਿਚ ਸਥਾਪਤ ਪ੍ਰਬੰਧ ਦੇ ਹੱਕ ਵਿਚ ਭੁਗਤਦੇ ਹਨ ਤੇ ਕਿਸਾਨ ਵਰਕਰਾਂ ਨੂੰ ਨਾਸਤਿਕ ਤੇ ਧਰਮ ਵਿਰੋਧੀ ਸਿੱਧ ਕਰਕੇ ਕਿਸਾਨੀ ਨਾਲੋਂ ਨਿਖੇੜਨ ਦਾ ਸੁਚੇਤ ਯਤਨ ਕਰਦੇ ਹਨ। ਅਜਿਹੇ ਭੁਲੇਖੇ ਭਰੇ ਗੰਧਲੇ ਸਮਾਜਕ ਵਾਤਾਵਰਣ ਵਿਚ ਕਿਸਾਨੀ ਲਈ ਅਜਿਹੇ ਵਰਕਰ ਕਦੇ ਨਾਇਕ ਬਣੇ ਹੋਏ ਨਜ਼ਰ ਆਉਂਦੇ ਹਨ ਤੇ ਕਦੇ ਕਿਸਾਨੀ ਧਰਮ ਦੇ ਪੱਲੜੇ ਵੱਲ ਝੁਕੀ ਹੋਈ ਨਜ਼ਰ ਆਉਂਦੀ ਹੈ। ਇਸੇ ਹੀ ਮਸਲੇ ਨੂੰ ਹੀਰਾ ਸਿੰਘ ਦਰਦ ਨੇ ਆਪਣੀ ਇਕ ਹੋਰ ਕਹਾਣੀ ‘ਨਾਸਤਕ ਕੌਣ’ ਵਿਚ ਵੀ ਪੇਸ਼ ਕੀਤਾ ਹੈ। ਇਹ ਕਹਾਣੀ ਭਾਵੇਂ ਸਿੱਧੇ ਰੂਪ ਵਿਚ ਕਿਸਾਨੀ ਨਾਲ ਸੰਬੰਧਿਤ ਨਹੀਂ, ਪਰ ਇਹ ਧਰਮ ਤੇ ਆਰਥਕ ਹਿਤਾਂ ਵਿਚੋਂ ਪਹਿਲ ਦੇ ਮਸਲੇ ਨੂੰ ਕੇਂਦਰ ਵਿਚ ਲਿਆਉਣ ਦਾ ਸੁਚੇਤ ਯਤਨ ਕਰਦੀ ਹੈ ਕਿ ਜਦੋਂ ਆਜ਼ਾਦੀ ਤੋਂ ਪਹਿਲਾਂ ਸਮਾਜਵਾਦੀ

ਫਲਸਫ਼ੇ ਤੋਂ ਪ੍ਰਭਾਵਿਤ ਧਿਰਾਂ ਇੱਥੋਂ ਦੇ ਪ੍ਰਬੰਧ ਵਿਚ ਆਪਣੀਆਂ ਜੜ੍ਹਾਂ ਗੱਡਣ ਲਈ ਯਤਨ ਕਰ ਰਹੀਆਂ ਸਨ ਤਾਂ ਕਿਸ ਤਰ੍ਹਾਂ ਦੂਸਰੀਆਂ ਧਿਰਾਂ ਦੁਆਰਾ ਇਨ੍ਹਾਂ ਨੂੰ ਧਰਮ ਵਿਰੋਧੀ, ਰੂਸ ਤੋਂ ਪੜ੍ਹ ਕੇ ਆਏ ਹੋਏ ਤੇ ਨਾਸਤਿਕ ਕਹਿ ਕੇ ਲੋਕਾਂ ਨਾਲੋਂ ਤੋੜਨ ਦਾ ਯਤਨ ਕੀਤਾ ਜਾ ਰਿਹਾ ਸੀ ਤੇ ਅਜਿਹਾ ਸੁਚੇਤ ਰੂਪ ਵਿਚ ਕਿਸਾਨੀ ਨੂੰ ਜਥੇਬੰਦ ਹੋਣ ਤੋਂ ਰੋਕਣਲਈ ਕੀਤਾ ਜਾ ਰਿਹਾ ਸੀ ਕਿਉਂਕਿ ਇਨ੍ਹਾਂ ਧਿਰਾਂ ਨੂੰ ਕਿਸਾਨੀ ਇਕ ਵੱਡੀ ਤਾਕਤ ਪ੍ਰਤੀਤ ਹੁੰਦੀ ਸੀ ਜਿਸ ਨੂੰ ਆਪਣੇ ਪਿੱਛੇ ਲਾਈ ਰੱਖਣ ਲਈ ਹਕੂਮਤ ਤੇ ਧਾਰਮਿਕ ਆਗੂ ਦੋਵੇਂ ਹੀ ਯਤਨਸ਼ੀਲ ਸਨ।

ਸੁਜਾਨ ਸਿੰਘ ਦੀ ਕਹਾਣੀ 'ਪ੍ਰਾਹੁਣਾ' ਪ੍ਰਗਤੀਵਾਦੀ ਲਹਿਰ ਦੇ ਪ੍ਰਭਾਵ ਅਧੀਨ ਰਚੀ ਗਈ ਹੈ ਅਤੇ ਇਸੇ ਹੀ ਵਿਸ਼ੇ ਨੂੰ ਆਪਣੇ ਢੰਗ ਨਾਲ ਉਭਾਰਦੀ ਹੈ। ਇਸ ਕਹਾਣੀ ਦਾ ਮਕਸਦ ਭਾਵੇਂ ਸਿੱਧੇ ਰੂਪ ਵਿਚ ਕਿਸਾਨੀ ਸਮਾਜ ਜਾਂ ਉਸਦੀ ਆਰਥਕਤਾ ਬਾਰੇ ਚਰਚਾ ਕਰਨਾ ਨਹੀਂ, ਸਗੋਂ ਕਿਸਾਨੀ ਤੇ ਵਿਸ਼ੇਸ਼ ਕਰਕੇ ਧਨੀ ਕਿਸਾਨੀ ਦੀ ਜੀਵਨ-ਜਾਚ ਤੇ ਉਸਦੀ ਧਾਰਮਿਕ ਸ਼ਰਧਾ ਨੂੰ ਵਿਅੰਗ ਦੇ ਨਜ਼ਰੀਏ ਤੋਂ ਪੇਸ਼ ਕਰਨਾ ਹੈ। ਪ੍ਰਗਤੀਵਾਦੀ ਲਹਿਰ ਵਿਚ ਵਿਅੰਗ ਪ੍ਰਗਤੀ ਵਿਰੋਧੀ ਧਿਰਾਂ ਨੂੰ ਠਿੱਠ ਕਰਨ ਲਈ ਇਕ ਹਥਿਆਰ ਦੇ ਰੂਪ ਵਿਚ ਵਰਤਿਆ ਜਾਂਦਾ ਸੀ, ਜਿਸ ਨਾਲ ਉਨ੍ਹਾਂ ਦੀ ਧਾਰਮਿਕ ਦ੍ਰਿਸ਼ਟੀ ਵਿਚ ਪਈ ਕਾਣ ਨੂੰ ਪ੍ਰਗਤੀਵਾਦੀ ਨਜ਼ਰੀਏ ਤੋਂ ਰੱਦ ਕਰਨ ਦਾ ਸੁਚੇਤ ਯਤਨ ਕੀਤਾ ਜਾਂਦਾ ਸੀ। ਜਿਸ ਵੇਲੇ ਪੰਜਾਬ ਦੇ ਪਰੰਪਰਾਗਤ ਸਮਾਜ ਵਿਚ ਪ੍ਰਗਤੀਵਾਦੀ ਜਾਂ ਖੱਬੇ ਪੱਖੀ ਲਹਿਰ ਆਪਣੇ ਪੈਰ ਪਸਾਰਣ ਦੇ ਯਤਨ ਕਰ ਰਹੀ ਸੀ ਤਾਂ ਉਸ ਵੇਲੇ ਕਿਸਾਨੀ ਦਾ ਉਪਰਲਾ ਵਰਗ ਤੇ ਪੁਜਾਰੀ ਸ਼੍ਰੇਣੀ ਇਨ੍ਹਾਂ ਦਾ ਵਿਰੋਧ ਕਰਨ ਲਈ ਇਕੱਠੇ ਹੋ ਕੇ ਯਤਨ ਕਰ ਰਹੇ ਸਨ ਤੇ ਸਥਾਪਤੀ ਦੀਆਂ ਬਾਕੀ ਧਿਰਾਂ ਵੀ ਇਸ ਮੁਹਿੰਮ ਵਿਚ ਉਨ੍ਹਾਂ ਦੀਆਂ ਸਾਥੀ ਸਨ। ਇਨ੍ਹਾਂ ਸਭ ਦਾ ਯਤਨ ਖੱਬੇ ਪੱਖੀ ਵਿਚਾਰਧਾਰਾ ਨੂੰ ਨਾਸਤਿਕ ਦੱਸ ਕੇ ਲੋਕਾਂ ਨਾਲੋਂ ਇਸ ਨੂੰ ਨਿਖੇੜਨ ਉੱਪਰ ਜ਼ੋਰ ਸੀ। ਕਿਉਂਕਿ, ਰੱਬ ਕੇਂਦ੍ਰਿਤ ਵਿਚਾਰਧਾਰਾ ਅਨੁਸਾਰ ਢਲੀ ਹੋਈ ਸਾਧਾਰਣ ਲੋਕਾਈ ਦੀ ਮਾਨਸਿਕਤਾ ਲਈ ਨਾਸਤਿਕ ਜੀਵਨ-ਜਾਚ ਕਦੇ ਵੀ ਸਵੀਕ੍ਰਿਤੀ ਦੀ ਵਸਤੂ ਨਹੀਂ ਸੀ ਤੇ ਇਸ ਦਾ ਫ਼ਾਇਦਾ ਉਠਾ ਕੇ ਸਾਧਾਰਣ ਲੋਕਾਂ ਤੇ ਵਿਸ਼ੇਸ਼ ਕਰਕੇ ਕਿਸਾਨੀ ਵਿਚ ਇਨ੍ਹਾਂ ਦੇ

ਵਧਦੇ ਪ੍ਰਭਾਵ ਨੂੰ ਰੋਕਣ ਦਾ ਯਤਨ ਕੀਤਾ ਜਾ ਰਿਹਾ ਸੀ। ਜਦਕਿ ਖੱਬੇ ਪੱਖੀ ਵਿਚਾਰਧਾਰਾ ਆਪਣੀ ਮਨੁੱਖ ਹਿਤੂ ਜੀਵਨ-ਜਾਚ ਕਰਕੇ ਕਿਸਾਨੀ ਵਿਚ ਵੀ ਆਪਣੇ ਪੈਰ ਜਮਾ ਰਹੀ ਸੀ। ਪੁਜਾਰੀ ਸ਼੍ਰੇਣੀ ਆਪਣੀ ਆਰਥਕ ਪ੍ਰਾਧੀਨਤਾ ਕਰਕੇ ਧਨੀ ਕਿਸਾਨੀ ਦਾ ਹੱਥਠੋਕਾ ਬਣੀ ਹੋਈ ਸੀ ਤੇ ਧਰਮ ਦੇ ਅਰਥ ਵੀ ਇਸ ਸ਼੍ਰੇਣੀ ਦੇ ਹਿਤਾਂ ਮੁਤਾਬਿਕ ਹੀ ਕਰ ਰਹੀ ਸੀ। ਸਮਾਜ ਦੀਆਂ ਹੇਠਲੀਆਂ ਧਿਰਾਂ ਦੀ ਸਥਿਤੀ ਬਹੁਤ ਮਾੜੀ ਸੀ। ਉਨ੍ਹਾਂ ਨਾਲ ਜਾਨਵਰਾਂ ਵਰਗਾ ਵਿਹਾਰ ਕੀਤਾ ਜਾ ਰਿਹਾ ਸੀ ਤੇ ਉਹ ਆਪਣੇ ਗੁੱਸੇ ਤੇ ਨਿਰਾਸ਼ਾ ਨੂੰ ਜਾਨਵਰਾਂ ’ਤੇ ਕੱਢਣ ਲਈ ਮਜਬੂਰ ਸਨ। ਇਸ ਤਰ੍ਹਾਂ, ਇਸ ਦੌਰ ਵਿਚ ਖੱਬੇ ਪੱਖੀ ਧਿਰਾਂ ਤੇ ਧਾਰਮਿਕ ਵਿਚਾਰਧਾਰਾ ਵਿਚਲੀ ਟੱਕਰ ਬਹੁਤ ਸਾਰੀਆਂ ਕਹਾਣੀਆਂ ਵਿਚ ਪੇਸ਼ ਹੋਈ ਨਜ਼ਰ ਆਉਂਦੀ ਹੈ।

ਇਨ੍ਹਾਂ ਕਹਾਣੀਆਂ ਤੋਂ ਇਲਾਵਾ ਕੁਝ ਇਕ ਅਜੇਹੀਆਂ ਕਹਾਣੀਆਂ ਵੀ ਵਿਭਿੰਨ ਲੇਖਕਾਂ ਦੁਆਰਾ ਲਿਖੀਆਂ ਹੋਈਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਸਿਰਫ਼ ਕਿਸਾਨੀ ਸਮਾਜ ਦਾ ਜ਼ਿਕਰ ਮਾਤਰ ਹੈ, ਇਹ ਕਹਾਣੀਆਂ ਕਿਸਾਨੀ ਜੀਵਨ ਦੀ ਯਥਾਰਥਕ ਪੇਸ਼ਕਾਰੀ ਦੇ ਪੱਖ ਤੋਂ ਕੋਈ ਬਹੁਤ ਮਹੱਤਵ ਨਹੀਂ ਰਖਦੀਆਂ। ਧਨੀ ਰਾਮ ਚਾਤ੍ਰਿਕ ਦੀ ਕਹਾਣੀ ‘ਪੈਂਚ ਪ੍ਰਮੇਸ਼ਰ’ ਅਸਲ ਵਿਚ ‘ਪੈਂਚਾਂ ਵਿਚ ਪ੍ਰਮੇਸ਼ਰ’ ਲੋਕ ਕਹਾਣੀ ਉੱਪਰ ਆਧਾਰਿਤ ਹੈ ਜਿਸ ਵਿਚ ਪੰਚਾਇਤੀ ਜਾਂ ਭਾਈਚਾਰਕ ਨਿਆਂ-ਪ੍ਰਣਾਲੀ ਦੀ ਮਹਿਮਾ ਨੂੰ ਉਭਾਰਿਆ ਗਿਆ ਹੈ। ਇਸ ਕਹਾਣੀ ਵਿਚ ਭਾਵੇਂ ਕਿਸਾਨੀ ਜੀਵਨ ਦੇ ਬਹੁਤੇ ਯਥਾਰਥਕ ਵੇਰਵੇ ਤਾਂ ਉਪਲਬਧ ਨਹੀਂ ਹਨ, ਪਰ ਇਸ ਲੋਕ-ਕਹਾਣੀ ਦੀ ਆੜ ਵਿਚ ਸਾਮਰਾਜ ਦੁਆਰਾ ਸ਼ੁਰੂ ਕੀਤੀ ਗਈ ਗੁੰਝਲਦਾਰ ਤੇ ਵਧੇਰੇ ਖ਼ਰਚੀਲੀ ਨਿਆਂ-ਪ੍ਰਣਾਲੀ ਦੇ ਮੁਕਾਬਲੇ ਪੰਚਾਇਤੀ ਨਿਆਂ-ਪ੍ਰਣਾਲੀ ਨੂੰ ਕਿਸਾਨੀ ਦੇ ਪ੍ਰਸੰਗ ਵਿਚ ਉਭਾਰਿਆ ਗਿਆ ਹੈ ਤੇ ਪੰਜਾਬ ਦੀ ਗ਼ਰੀਬ ਤੇ ਅਨਪੜ੍ਹ ਕਿਸਾਨੀ ਲਈ ਇਸ ਸਸਤੇ ਤੇ ਪ੍ਰਵਾਨਿਤ ਨਿਆਂ-ਪ੍ਰਬੰਧ ਦੀ ਸਥਾਪਤੀ ਨੂੰ ਇਕ ਮੁੱਦੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਚਾਤ੍ਰਿਕ ਦੀ ਇਸ ਕਹਾਣੀ ਤੋਂ ਇਲਾਵਾ ਪੰਜਾਬੀ ਲੇਖਕ ਜੋੜੀ ਕਰਤਾਰ ਸਿੰਘ ਦਿਲਸ਼ਾਦ ਕਵੀ ਤੇ ਬਲਬੀਰ ਸਿੰਘ ਦੀ ਕਹਾਣੀ ‘ਕਿਸਾਨੀ ਦੀਆਂ ਆਹੀਂ’ ਆਪਣੇ ਸਿਰਲੇਖ ਤੋਂ ਤਾਂ ਕਿਸਾਨੀ ਜੀਵਨ ਦੀ ਪੇਸ਼ਕਾਰੀ

ਉੱਪਰ ਕੇਂਦ੍ਰਿਤ ਪ੍ਰਤੀਤ ਹੁੰਦੀ ਹੈ। ਪਰ ਇਹ ਕਹਾਣੀ ਵੀ ਲੋਕ-ਕਹਾਣੀ ਦੀ ਤਰਜ਼ 'ਤੇ ਹੀ ਰਚੀ ਗਈ ਹੈ। ਜਿਵੇਂ ਲੋਕ ਕਹਾਣੀ ਸਮੇਂ ਤੇ ਸਥਾਨ ਤੋਂ ਉੱਪਰ 'ਇਕ ਸੀ ਰਾਜਾ ਇਕ ਸੀ ਰਾਣੀ' ਦੇ ਜਾਣੇ-ਪਛਾਣੇ ਵਾਕ ਨਾਲ ਸ਼ੁਰੂ ਹੁੰਦੀ ਹੈ, ਜਿਸ ਵਿਚ ਰਾਜਾ, ਉਸਦੇ ਰਾਜ ਤੇ ਸਮੇਂ ਦੀ ਪਛਾਣ ਕਰ ਸਕਣੀ ਮੁਸ਼ਕਲ ਹੁੰਦੀ ਹੈ, ਉਸੇ ਤਰ੍ਹਾਂ ਹੀ ਇਹ ਕਹਾਣੀ ਕਿਸਾਨੀ ਜੀਵਨ ਦੀ ਮੁਸ਼ੱਕਤ ਭਰੀ ਜ਼ਿੰਦ.ਗੀ ਦੇ ਬਾਵਜੂਦ ਉਸਦੀ .ਗੁਰਬਤ ਦੇ ਵੇਰਵੇ ਪੇਸ਼ ਕਰਦੀ ਹੈ, ਪਰ ਇਹ ਕਿਸਾਨੀ ਕਿਸ ਸਮੇਂ ਨਾਲ ਸੰਬੰਧਿਤ ਹੈ ਉਸ ਸਮੇਂ ਦੀ ਪਛਾਣ ਕਰ ਸਕਣੀ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਪ੍ਰਤੀਤ ਹੁੰਦੀ ਹੈ। ਸਿਰ.ਫ ਕਹਾਣੀ ਵਿਚਲੇ ਵਕੀਲ, ਮੁਕੱਦਮੇਬਾਜ਼ੀ ਤੇ ਜੇਲ੍ਹ ਦੇ ਵੇਰਵਿਆਂ ਤੋਂ ਪਤਾ ਚਲਦਾ ਹੈ ਕਿ ਇਹ ਕਹਾਣੀ ਅੰਗਰੇਜ਼ ਸਾਮਰਾਜ ਦੇ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਦੀ ਰਚਨਾ ਹੈ। ਪਰ ਇਹ ਕਹਾਣੀ ਪੰਜਾਬੀ ਮੁਜਾਰੇ ਕਿਸਾਨ ਦੀ ਆਰਥਕ ਮੰਦਹਾਲੀ ਨੂੰ ਅਤਿ-ਕਥਨੀ ਦੀ ਹੱਦ ਤੱਕ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ, ਜਿਸ ਵਿਚ ਕਿਸਾਨੀ ਆਪਣੀ .ਗਰੀਬੀ ਕਾਰਣ ਰੋਟੀ ਤੋਂ ਵੀ ਲਾਚਾਰ ਵਿਖਾਈ ਗਈ ਹੈ। ਇਸ ਲਈ ਇਹ ਕਹਾਣੀਆਂ ਭਾਵੇਂ ਪੰਜਾਬ ਦੀ ਕਿਸਾਨੀ ਦੇ ਪ੍ਰਤਿਨਿਧ ਚਿੱਤਰ ਨਾ ਵੀ ਪੇਸ਼ ਕਰਦੀਆਂ ਹੋਣ, ਪਰ ਕਿਸਾਨੀ ਸੰਬੰਧੀ ਕਹਾਣੀ ਦੇ ਵਿਕਾਸ ਪੜਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਹੋਣ ਕਰਕੇ ਜ਼ਿਕਰਯੋਗ ਕਹੀਆਂ ਜਾ ਸਕਦੀਆਂ ਹਨ।

ਉਪਰੋਕਤ ਕਹਾਣੀਆਂ ਤੋਂ ਇਲਾਵਾ ਇਸ ਦੌਰ ਦੀਆਂ ਕੁਝ ਹੋਰ ਕਹਾਣੀਆਂ ਵੀ ਉਪਲਬਧ ਹਨ ਜਿਨ੍ਹਾਂ ਵਿਚੋਂ ਤਤਕਾਲੀ ਕਿਸਾਨੀ ਸਮਾਜ ਦੇ ਕੁਝ ਵੇਰਵੇ ਮਿਲ ਜਾਂਦੇ ਹਨ ਜਿਨ੍ਹਾਂ ਦੇ ਆਧਾਰ 'ਤੇ ਉਸ ਦੌਰ ਦੇ ਕਿਸਾਨੀ ਜੀਵਨ ਤੇ ਸਮਾਜ ਨੂੰ ਸਮਝਣ ਵਿਚ ਮਦਦ ਮਿਲ ਸਕਦੀ ਹੈ। ਹਾਲਾਕਿ ਇਹ ਕਹਾਣੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ ਕਿਸਾਨੀ ਜੀਵਨ ਦੀਆਂ ਪ੍ਰਤਿਨਿੱਧ ਕਹਾਣੀਆਂ ਨਹੀਂ ਕਿਹਾ ਜਾ ਸਕਦਾ ਹੈ। ਇਨ੍ਹਾਂ ਕਹਾਣੀਆਂ ਵਿਚ ਸਿਰ.ਫ ਘਟਨਾਤਮਕ ਵੇਰਵੇ ਹੀ ਪਿੰਡਾਂ ਜਾਂ ਕਿਸਾਨੀ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚ ਹੀਰਾ ਸਿੰਘ ਦਰਦ ਦੁਆਰਾ ਸੰਪਾਦਿਤ ਕਹਾਣੀ-ਸੰਗ੍ਰਹਿ 'ਪੰਜਾਬੀ ਸੱਧਰਾਂ' ਵਿਚ ਸ਼ਾਮਲ ਵਿਧਾਤਾ ਸਿੰਘ ਤੀਰ ਦੀ ਕਹਾਣੀ 'ਗੋਰੀ' ਵਿਚ ਕਿਸਾਨੀ ਦੀ ਮੰਦੀ ਆਰਥਕ ਹਾਲਤ

ਨੂੰ ਵਿਸ਼ਾ ਬਣਾਇਆ ਗਿਆ ਹੈ। ਖੇਤੀ ਦਾ ਧੰਦਾ ਕਦੇ ਵੀ ਕਿਸਾਨੀ ਲਈ ਲਾਹੇਵੰਦ ਨਹੀਂ ਰਿਹਾ। ਅੰਗਰੇਜ਼ਾਂ ਦੀ ਆਮਦ ਨਾਲ ਇਕ ਪਾਸੇ ਖੇਤੀ ਦਾ ਵਿਕਾਸ ਕੀਤਾ ਜਾ ਰਿਹਾ ਸੀ ਪਰ ਦੂਸਰੇ ਪਾਸੇ ਅੰਗਰੇਜ਼ ਸਰਕਾਰ ਦੁਆਰਾ ਸ਼ੁਰੂ ਕੀਤਾ ਗਿਆ ਮਾਲੀਏ ਦਾ ਨਕਦੀ ਦੇ ਰੂਪ ਵਿਚ ਭੁਗਤਾਨ ਕਿਸਾਨੀ ਦੇ ਆਰਥਕ ਸੰਕਟ ਵਿਚ ਵਾਧੇ ਦਾ ਕਾਰਣ ਵੀ ਬਣ ਰਿਹਾ ਸੀ। ਕਿਉਂਕਿ ਮਾਲੀਏ ਦੀ ਨਕਦ ਅਦਾਇਗੀ ਲਈ ਫ਼ਸਲ ਮੰਡੀ ਵਿਚ ਵੇਚਣੀ ਲਾਜ਼ਮੀ ਸੀ, ਪਰ ਨਾਕਸ ਮੰਡੀ ਪ੍ਰਬੰਧ ਤੇ ਵਪਾਰੀਆਂ ਦੇ ਗਠਜੋੜ ਕਾਰਣ ਕਿਸਾਨੀ ਦੀ ਫ਼ਸਲ ਦੀਆਂ ਕੀਮਤਾਂ ਕਦੇ ਵੀ ਉਸ ਲਈ ਫ਼ਾਇਦੇਮੰਦ ਸੌਦਾ ਨਹੀਂ ਰਹੀਆਂ। ਇਸ ਕਰਕੇ ਕਿਸਾਨੀ ਨੂੰ ਮਾਲੀਏ ਦਾ ਨਕਦੀ ਦੇ ਰੂਪ ਵਿਚ ਭੁਗਤਾਨ ਕਰਨ ਲਈ ਸ਼ਾਹੂਕਾਰਾਂ ਤੋਂ ਕਰਜ਼ਾ ਵੀ ਲੈਣਾ ਪੈਂਦਾ ਸੀ। ਇਸ ਕਹਾਣੀ ਵਿਚ ਵੀ ਕਿਸਾਨ ਸ਼ਾਹੂਕਾਰ ਤੋਂ ਮਾਲੀਏ ਲਈ ਲਿਆ ਕਰਜ਼ਾ ਚੁਕਾਉਣ ਲਈ ਪਰਿਵਾਰ ਵੱਲੋਂ ਪਾਲੀ ਗਈ ਗਾਂ ਗੋਰੀ ਨੂੰ ਦੇ ਕੇ ਚੁਕਾਉਣਾ ਪੈਂਦਾ ਹੈ। ਕਿਸਾਨੀ ਸਮਾਜ ਵਿਚ ਪਸ਼ੂ ਸਿਰਫ਼ ਪਸ਼ੂ ਹੀ ਨਹੀਂ ਹੁੰਦੇ, ਸਗੋਂ ਪਰਿਵਾਰ ਦੇ ਜੀਆਂ ਵਾਂਗ ਹੀ ਸਮੁੱਚੀ ਜੀਵਨ-ਜਾਚ ਦਾ ਇਕ ਅਹਿਮ ਅੰਗ ਹੁੰਦੇ ਹਨ ਤੇ ਇਹ ਕਹਾਣੀ ਇਸ ਰੂਪ ਵਿਚ ਕਿਸਾਨੀ ਜੀਵਨ ਦੇ ਦੁਖਾਂਤ ਨੂੰ ਚਿਤਰਦੀ ਹੈ।

ਇਸ ਤੋਂ ਇਲਾਵਾ ਹਰਨਾਮ ਦਾਸ ਸਹਿਰਾਈ ਦੀ ਕਹਾਣੀ ' ਬੁੱਢੀ ਤੇ ਸ਼ਾਹ' ਵੀ ਮੁੱਕਦਮੇਬਾਜ਼ੀ ਕਾਰਣ ਕਰਜ਼ਾਈ ਹੋਈ ਕਿਸਾਨੀ ਦੀ ਹਾਲਤ ਨੂੰ ਬਿਆਨ ਕਰਦੀ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਦੁਆਰਾ ਵੀ ਕੁਝ ਕਹਾਣੀਆਂ ਪੇਂਡੂ ਜੀਵਨ ਨੂੰ ਲੈ ਕੇ ਰਚੀਆਂ ਗਈਆਂ ਹਨ। ਇਨ੍ਹਾਂ ਵਿਚ 'ਨੀਰੂ ਦੀ ਨਾਰਦਾ' ਕਹਾਣੀ ਵਿਚ ਸਮਾਜਕ ਰਸਮਾਂ ਤੇ ਨੱਕ-ਨਮੂਜ ਦੀ ਖ਼ਾਤਿਰ ਕਿਸਾਨੀ ਵੱਲੋਂ ਲਏ ਗਏ ਕਰਜ਼ੇ ਦਾ ਵਰਣਨ ਹੈ, ਜਦਕਿ 'ਪ੍ਰੀਤਾਂ ਦੀ ਪਹਿਰੇਦਾਰ' ਕਹਾਣੀ ਵਿਚ ਭੂਪਵਾਦੀ ਕਦਰਾਂ-ਕੀਮਤਾਂ ਵਾਲੇ ਸਮਾਜ ਵਿਚ ਔਰਤ ਦੀ ਪਰ ਨਿਰਭਰਤਾ ਵਾਲੀ ਮੰਦੀ ਆਰਥਕ ਹਾਲਤ ਤੇ ਜਾਗੀਰਦਾਰਾਂ ਦੇ ਅੱਯਾਸ਼ੀ ਭਰੇ ਜੀਵਨ ਦਾ ਵਰਣਨ ਮਿਲਦਾ ਹੈ। ਇਹ ਕਹਾਣੀਆਂ ਉਸ ਵੇਲੇ ਦੇ ਸਮਾਜ ਦਾ ਵਰਣਨ ਕਰਦੀਆਂ ਹਨ ਤੇ ਇਹ ਸਮੱਸਿਆਵਾਂ ਸਿਰਫ਼ ਪੇਂਡੂ ਜਾਂ ਕਿਸਾਨੀ ਸਮਾਜ ਦੀਆਂ ਨਹੀਂ ਸਗੋਂ ਸਿਰਫ਼ ਘਟਨਾ-ਸਥਾਨ

ਹੀ ਪਿੰਡ ਹੋਣ ਕਰਕੇ ਪੇਂਡੂ ਜਾਂ ਕਿਸਾਨੀ ਜੀਵਨ ਦੀਆਂ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ।

ਨਾਨਕ ਸਿੰਘ ਪੰਜਾਬੀ ਸਾਹਿਤ ਦੇ ਖੇਤਰ ਵਿਚ ਵਧੇਰੇ ਕਰਕੇ ਇਕ ਨਾਵਲਕਾਰ ਦੇ ਰੂਪ ਵਿਚ ਜਾਣਿਆ ਜਾਂਦਾ ਹੈ, ਜਿਸਨੇ ਸ਼ਹਿਰੀ ਨਿਮਨ ਮੱਧ-ਸ਼੍ਰੇਣੀ ਦੀ ਜੀਵਨ-ਜਾਚ ਨੂੰ ਸਮਾਜ ਸੁਧਾਰ ਦੀ ਦ੍ਰਿਸ਼ਟੀ ਤੋਂ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ ਹੈ। ਨਾਵਲਾਂ ਤੋਂ ਇਲਾਵਾ ਉਸਦੀਆਂ ਵਧੇਰੇ ਕਹਾਣੀਆਂ ਵੀ ਇਸੇ ਹੀ ਵਿਸ਼ੇ ਨਾਲ ਸੰਬੰਧਿਤ ਹਨ। ਨਾਨਕ ਸਿੰਘ ਨੇ ਆਪਣੀ ਨਾਵਲ ਰਚਨਾ 1924 ਵਿਚ ਸ਼ੁਰੂ ਕੀਤੀ ਸੀ, ਪਰ ਉਸਨੂੰ ਇਕ ਨਾਵਲਕਾਰ ਦੇ ਤੌਰ ’ਤੇ ਪ੍ਰਵਾਨਗੀ 1932 ਵਿਚ ਉਸਦੇ ਨਾਵਲ ‘ਚਿੱਟਾ ਲਹੂ’ ਦੇ ਪ੍ਰਕਾਸ਼ਿਤ ਹੋਣ ਨਾਲ ਹਾਸਿਲ ਹੋਈ ਅਤੇ ਨਾਨਕ ਸਿੰਘ ਦਾ ਇਹ ਨਾਵਲ ਸ਼ਹਿਰੀ ਜੀਵਨ ਬਾਰੇ ਨਹੀਂ, ਸਗੋਂ ਪੇਂਡੂ ਜੀਵਨ ਦੀ ਪੇਸ਼ਕਾਰੀ ਨਾਲ ਸੰਬੰਧਿਤ ਸੀ ਤੇ ਪੰਜਾਬੀ ਗਲਪ ਦੇ ਵਿਦਵਾਨਾਂ ਨੇ ਇਸ ਰਚਨਾ ਨੂੰ ਪੇਂਡੂ ਜੀਵਨ ਦੀ ਬਹੁਪੱਖੀ ਪੇਸ਼ਕਾਰੀ ਕਹਿਕੇ ਸਲਾਹਿਆ ਸੀ। ਉਸਨੇ ਕਹਾਣੀ ਰਚਨਾ ਵੀ ਇਸੇ ਹੀ ਦੌਰ ਵਿਚ ਸ਼ੁਰੂ ਕੀਤੀ ਤੇ ਪਹਿਲਾ ਕਹਾਣੀ ਸੰਗ੍ਰਹਿ ‘ਹੰਝੂਆਂ ਦੇ ਹਾਰ’ 1934 ਵਿਚ ਪ੍ਰਕਾਸ਼ਿਤ ਕਰਵਾਇਆ। ਨਾਨਕ ਸਿੰਘ ਦੀਆਂ ਪੇਂਡੂ ਜੀਵਨ ਬਾਰੇ ਲਿਖੀਆਂ ਰਚਨਾਵਾਂ ਵੀ ਉਸੇ ਤਰ੍ਹਾਂ ਹੀ ਪਾਠਕਾਂ ਵਿਚ ਮਕਬੂਲ ਹੋਈਆਂ ਜਿਸ ਤਰ੍ਹਾਂ ਸ਼ਹਿਰੀ ਜੀਵਨ ਬਾਰੇ, ਕਿਉਂਕਿ ਉਸ ਵੇਲੇ ਦੇ ਸਮਾਜ ਵਿਚ ਪੰਜਾਬ ਦਾ ਸ਼ਹਿਰੀ ਜੀਵਨ ਪਿੰਡਾਂ ਨਾਲੋਂ ਬਹੁਤਾ ਵੱਖਰਾ ਨਹੀਂ ਸੀ ਤੇ ਸਮਾਜ ਸੁਧਾਰ ਦੀ ਦ੍ਰਿਸ਼ਟੀ ਤੋਂ ਸਮੱਸਿਆਵਾਂ ਵੀ ਇਕੋ ਜਿਹੀਆਂ ਹੀ ਸਨ। ਨਾਵਲ ‘ਚਿੱਟਾ ਲਹੂ’ ਵਾਂਗ ਹੀ ਨਾਨਕ ਸਿੰਘ ਦੀ ਕਹਾਣੀ ‘ਅਰਜ਼ੀ’ ਵੀ ਪੰਜਾਬੀ ਦੀਆਂ ਮੁੱਢਲੀਆਂ ਕਹਾਣੀਆਂ ਵਿਚ ਸ਼ੁਮਾਰ ਕੀਤੀ ਜਾ ਸਕਦੀ ਹੈ ਜਿਨ੍ਹਾਂ ਵਿਚ ਕਿਸਾਨੀ ਦੀ ਮੰਦੀ ਆਰਥਕ ਹਾਲਤ ਤੇ ਸ਼ਾਹੂਕਾਰਾਂ ਦੁਆਰਾ ਹੁੰਦੀ ਕਿਸਾਨੀ ਦੀ ਲੁੱਟ ਨੂੰ ਯਥਾਰਥਕ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਪੰਜਾਬ ਦੀ ਕਿਸਾਨੀ ਦੇ ਇਤਹਾਸ ’ਤੇ ਨਜ਼ਰ ਮਾਰਿਆਂ ਇਹ ਗੱਲ ਭਲੀ-ਭਾਂਤ ਉਜਾਗਰ ਹੋ ਜਾਂਦੀ ਹੈ ਕਿ ਕਿਸਾਨੀ ਹਮੇਸ਼ਾ ਹੀ ਆਰਥਕ ਤੌਰ ’ਤੇ ਤੰਗੀਆਂ-ਤੁਰਸ਼ੀਆਂ ਵਾਲਾ ਜੀਵਨ ਹੰਢਾਉਂਦੀ ਆ ਰਹੀ ਹੈ ਤੇ ਆਪਣੇ ਜੀਵਨ-ਨਿਰਬਾਹ ਦੀਆਂ ਜ਼ਰੂਰਤਾਂ ਲਈ ਉਸਨੂੰ ਹਮੇਸ਼ਾ ਹੀ ਸ਼ਾਹੂਕਾਰਾਂ ’ਤੇ ਨਿਰਭਰ

ਰਹਿਣਾ ਪਿਆ ਹੈ, ਜਿੱਥੋਂ ਉਸਦੀਆਂ ਕਰਜ਼ੇ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਸਨ। ਸ਼ਾਹੂਕਾਰਾਂ ਤੋਂ ਕਿਸਾਨੀ ਦੀਆਂ ਕਰਜ਼ੇ ਦੀਆਂ ਜ਼ਰੂਰਤਾਂ ਤਾਂ ਪੂਰੀਆਂ ਹੋ ਜਾਂਦੀਆਂ ਸਨ ਪਰ ਸ਼ਾਹੂਕਾਰਾਂ ਦੇ ਕਰਜ਼-ਜਾਲ ਵਿਚੋਂ ਨਿਕਲ ਸਕਣਾ ਕਿਸਾਨੀ ਲਈ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਸੀ। ਇਸ ਬੇ-ਹਿਸਾਬੀ ਲੁੱਟ ਦੇ ਬਾਵਜੂਦ ਹੋਰ ਕੋਈ ਚਾਰਾ ਨਾ ਹੋਣ ਕਰਕੇ ਸ਼ਾਹੂਕਾਰ ਤੋਂ ਕਰਜ਼ਾ ਲੈਣਾ ਕਿਸਾਨੀ ਦੀ ਮਜਬੂਰੀ ਸੀ। ਉਸ ਵੇਲੇ ਦੇ ਬਹੁਤ ਸਾਰੇ ਅਖਾਣ-ਮੁਹਾਵਰੇ ਤੇ ਲੋਕ-ਸਿਆਣਪਾਂ ਵਿਚੋਂ ਇਹ ਰਿਸ਼ਤਾ ਉਜਾਗਰ ਹੁੰਦਾ ਹੈ ; 'ਗੁਰੂ ਬਿਨਾਂ ਗੱਤ ਨਹੀਂ ਤੇ ਸ਼ਾਹ ਬਿਨਾਂ ਪੱਤ ਨਹੀਂ, 'ਧੇਲੀ ਦੇ ਕੇ ਹਵੇਲੀ ਲਿਖਾਉਣਾ' ਵਰਗੇ ਅਖਾਣ ਜਿਥੇ ਦੋਹਾਂ ਧਿਰਾਂ ਦੇ ਰਿਸ਼ਤੇ ਵੱਲ ਇਸ਼ਾਰਾ ਕਰਦੇ ਹਨ ਉੱਥੇ ਸ਼ਾਹੂਕਾਰਾਂ ਦੁਆਰਾ ਕੀਤੀ ਜਾਂਦੀ ਲੁੱਟ ਵੀ ਇਨ੍ਹਾਂ ਤੋਂ ਭਲੀਭਾਂਤ ਉਜਾਗਰ ਹੋ ਜਾਂਦੀ ਹੈ। ਪਰ ਕਿਸਾਨੀ ਆਪਣੀ ਇਸ ਲੁੱਟ ਪ੍ਰਤਿ ਵਧੇਰੇ ਸੁਚੇਤ ਨਹੀਂ ਤੇ ਦੂਸਰੇ ਹੋਰ ਕੋਈ ਰਾਹ ਨਾ ਹੋਣ ਕਰਕੇ ਦੋਹਾਂ ਧਿਰਾਂ ਵਿਚ ਇਕ ਰਿਸ਼ਤਾ ਬਣਿਆ ਹੋਇਆ ਸੀ।

ਪਰੰਤੂ, ਪੰਜਾਬ ਉੱਪਰ ਬਸਤੀਵਾਦੀ ਹਕੂਮਤ ਦੀ ਸਥਾਪਨਾ ਨਾਲ ਇਸ ਰਿਸ਼ਤੇ ਵਿਚ ਤਬਦੀਲੀ ਵਾਪਰਣੀ ਸ਼ੁਰੂ ਹੋਈ। ਬਸਤੀਵਾਦੀ ਹਕੂਮਤ ਦਾ ਇਕੋ-ਇਕ ਉਦੇਸ਼ ਇੱਥੋਂ ਦੇ ਸਾਧਨਾਂ ਦੀ ਵੱਧ ਤੋਂ ਵੱਧ ਲੁੱਟ ਕਰਨਾ ਸੀ। ਇਸ ਲੁੱਟ ਨੂੰ ਕਾਇਮ ਰੱਖਣ ਤੇ ਇਸ ਵਿਚ ਵਾਧੇ ਲਈ ਮੰਡੀ ਦਾ ਵਿਕਾਸ ਲਾਜ਼ਮੀ ਸੀ। ਮੰਡੀ ਦੇ ਵਿਕਾਸ ਨਾਲ ਪਰੰਪਰਾਗਤ ਪੇਂਡੂ ਜੀਵਨ ਵਿਚ ਪੈਸੇ ਦਾ ਦਖ਼ਲ ਵਧਣਾ ਸੁਭਾਵਿਕ ਸੀ ਤੇ ਇਸ ਨਵੇਂ ਅਮਲ ਦਾ ਅਸਰ ਕਿਸਾਨੀ ਤੇ ਸ਼ਾਹੂਕਾਰ ਦੇ ਰਿਸ਼ਤੇ ਉੱਪਰ ਵੀ ਪੈਣਾ ਸੁਭਾਵਿਕ ਸੀ। ਕਿਸਾਨੀ ਵੀ ਆਪਣੀ ਲੁੱਟ ਪ੍ਰਤਿ ਸੁਚੇਤ ਹੋ ਰਹੀ ਸੀ। ਇਸ ਤੋਂ ਇਲਾਵਾ ਅੰਗਰੇਜ਼ੀ ਸਾਮਰਾਜ ਦੀਆਂ ਕਿਸਾਨੀ ਪ੍ਰਤਿ ਨੀਤੀਆਂ ਵਿਚ ਤਬਦੀਲੀ ਕਾਰਣ ਵੀ ਅਜਿਹਾ ਵਾਪਰ ਰਿਹਾ ਸੀ। ਕਿਉਂਕਿ ਬਸਤੀਵਾਦੀ ਪ੍ਰਬੰਧ ਦੀ ਸਲਾਮਤੀ ਤੇ ਸੁਰੱਖਿਆ ਦਾ ਦਾਰੋਮਦਾਰ ਨਿਰੋਲ ਫੌਜ ਉੱਪਰ ਹੀ ਟਿਕਿਆ ਹੁੰਦਾ ਹੈ ਤੇ ਫੌਜ ਦੀ ਭਰਤੀ ਲਈ ਸਾਮਰਾਜ ਲਈ ਪੰਜਾਬ ਦੀ ਕਿਸਾਨੀ ਬਹੁਤ ਮਹੱਤਵਪੂਰਣ ਸੀ। ਇਸ ਕਰਕੇ ਸਾਮਰਾਜ ਤੇ ਕਿਸਾਨੀ ਵਿਚਕਾਰ ਇਕ ਸੁਖਾਵਾਂ ਰਿਸ਼ਤਾ ਬਣਿਆ ਹੋਇਆ ਸੀ।[27] ਜਦਕਿ ਉੱਭਰਦੀ ਸ਼ਹਿਰੀ

ਮੱਧ ਸ਼੍ਰੇਣੀ ਇਸ ਪੱਖੋਂ ਸਾਮਰਾਜ ਲਈ ਬਹੁਤਾ ਮੱਹਤਵ ਨਹੀਂ ਸੀ ਰੱਖਦੀ ਤੇ ਇਹ ਸ਼੍ਰੇਣੀ ਕਾਂਗਰਸ ਦੇ ਰੂਪ ਵਿਚ ਜਥੇਬੰਦ ਹੋ ਰਹੀ ਹੋਣ ਕਰਕੇ ਸਾਮਰਾਜ ਲਈ ਇਸਦੇ ਖਤਰਾ ਬਣਨ ਦੀ ਸੰਭਾਵਨਾ ਸੀ। ਇਸ ਤੋਂ ਇਲਾਵਾ ਕਿਸਾਨੀ ਦੀ ਆਰਥਕ ਹਾਲਤ ਲਗਾਤਾਰ ਨਿੱਘਰਦੀ ਜਾ ਰਹੀ ਸੀ, ਉਸ ਉੱਪਰ ਸ਼ਾਹੂਕਾਰਾਂ ਦੇ ਕਰਜ਼ੇ ਦਾ ਬੋਝ ਨਿਰੰਤਰ ਵਧਦਾ ਜਾ ਰਿਹਾ ਸੀ। ਲਗਾਤਾਰ ਨਿੱਘਰਦੀ ਜਾ ਰਹੀ ਆਰਥਕ ਹਾਲਤ ਕਾਰਣ ਉਪਜ ਰਿਹਾ ਰੋਹ ਇਸ ਪ੍ਰਬੰਧ ਦੀ ਸਲਾਮਤੀ ਦੇ ਖ਼ਿਲਾਫ਼ ਭੁਗਤਣ ਦੀਆਂ ਸੰਭਾਵਨਾਵਾਂ ਪੈਦਾ ਹੋਣ ਤੋਂ ਰੋਕਣ ਲਈ ਸਾਮਰਾਜੀ ਪ੍ਰਬੰਧ ਕਿਸਾਨੀ ਦੇ ਹੱਕ ਵਿਚ ਅਜਿਹੇ ਕਾਨੂੰਨ ਬਣਾਉਣ ਲਈ ਮਜਬੂਰ ਹੋਇਆ ਜੋ ਉਸਦੀ ਸ਼ਾਹੂਕਾਰਾਂ ਦੁਆਰਾ ਹੁੰਦੀ ਲੁੱਟ ਤੋਂ ਬਚਾਅ ਕਰ ਸਕਦੇ ਹੋਣ। ਕਿਸਾਨੀ ਵਿਚ ਆ ਰਹੀ ਚੇਤਨਾ ਤੇ ਇਨ੍ਹਾਂ ਨਵੇਂ ਕਾਨੂੰਨਾਂ ਕਾਰਣ ਕਿਸਾਨੀ ਤੇ ਸ਼ਾਹੂਕਾਰ ਦੋਹਾਂ ਧਿਰਾਂ ਦੇ ਪਰੰਪਰਾਗਤ ਰਿਸ਼ਤਿਆਂ ਵਿਚ ਕਸ਼ੀਦਗੀ ਵਧ ਰਹੀ ਸੀ। ਪਰ ਇਸ ਦੇ ਬਾਵਜੂਦ ਕਿਸਾਨੀ ਦੀਆਂ ਕਰਜ਼ਾ ਲੈਣ ਦੀਆਂ ਮਜਬੂਰੀਆਂ ਆਪਣੀ ਜਗ੍ਹਾ ’ਤੇ ਕਾਇਮ ਸਨ, ਕਿਉਂਕਿ ਸਾਮਰਾਜ ਦੇ ਮੰਡੀ ਪ੍ਰਬੰਧ ਵਿਚ ਜਿਨਸਾਂ ਦੇ ਘੱਟ ਭਾਅ ਤੋਂ ਇਲਾਵਾ ਖ਼ਰੀਦਦਾਰਾਂ ਦੁਆਰਾ ਵੀ ਕਿਸਾਨੀ ਦੀ ਹਰ ਤਰ੍ਹਾਂ ਦੀ ਲੁੱਟ ਹੁੰਦੀ ਸੀ ਤੇ ਉਸ ਲਈ ਜੀਵਨ-ਨਿਰਬਾਹ ਲਈ ਕਰਜ਼ਾ ਲੈਣਾ ਮਜਬੂਰੀ ਬਣੀ ਹੋਈ ਸੀ। ਇਸ ਸਾਰੇ ਇਤਿਹਾਸਕ ਪਿਛੋਕੜ ਨੂੰ ਧਿਆਨ ਵਿਚ ਰੱਖਣ ਨੂੰ ਨਾਨਕ ਸਿੰਘ ਦੀ ਕਹਾਣੀ ‘ਅਰਜ਼ੀ’ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

ਸਰਕਾਰ ਨੇ ਕਿਸਾਨੀ ਨੂੰ ਰਾਹਤ ਦੇਣ ਲਈ ਤੇ ਉਸ ਦੀਆਂ ਜ਼ਮੀਨਾਂ ਕਰਜ਼ੇ ਦੇ ਇਵਜ਼ ਵਿਚ ਕੁਰਕ ਹੋਣ ਤੋਂ ਰੋਕਣ ਲਈ ਪੰਜਾਬ ਦੀ ਆਬਾਦੀ ਨੂੰ ਕਾਸ਼ਤਕਾਰ ਤੇ ਗ਼ੈਰ-ਕਾਸ਼ਤਕਾਰ ਵਰਗਾਂ ਵਿਚ ਵੰਡ ਕੇ ਗ਼ੈਰ-ਕਾਸ਼ਤਕਾਰਾਂ ਉੱਪਰ ਖੇਤੀਬਾੜੀ ਵਾਲੀ ਜ਼ਮੀਨ ਖ਼ਰੀਦਣ ਉੱਪਰ ਪਾਬੰਦੀ ਲਾ ਦਿੱਤੀ ਸੀ ਤੇ ਇਸ ਤਹਿਤ ਸ਼ਾਹੂਕਾਰ ਦੇ ਕਰਜ਼ੇ ਦੀ ਅਦਾਇਗੀ ਨਾ ਕਰ ਸਕਣ ਦੀ ਸੂਰਤ ਵਿਚ ਕਿਸਾਨੀ ਦੀ ਜ਼ਮੀਨ ਤੇ ਖੇਤੀ ਸੰਦਾਂ ਨੂੰ ਕੁਰਕ ਨਹੀਂ ਕੀਤਾ ਜਾ ਸਕਦਾ ਸੀ।[28]

ਨਾਨਕ ਸਿੰਘ ਦੀ ਕਹਾਣੀ ‘ਅਰਜ਼ੀ’ ਮੁਤਾਬਿਕ ਸ਼ਾਹੂਕਾਰਾਂ ਦੀ ਕਰਜ਼ਾਈ ਸਿਰਫ਼ ਕਿਸਾਨੀ ਹੀ

ਨਹੀਂ ਸੀ, ਸਗੋਂ ਪਿੰਡ ਵਿਚ ਰਹਿਣ ਵਾਲੀਆਂ ਗ਼ੈਰ-ਕਾਸ਼ਤਕਾਰ ਧਿਰਾਂ ਵੀ ਇਸ ਤੋਂ ਬਚੀਆਂ ਹੋਈਆਂ ਨਹੀਂ ਸਨ।[29] ਸ਼ਾਇਦ ਕਿਸਾਨੀ ਇਸ ਕਰਕੇ ਵਧੇਰੇ ਕਰਜ਼ਾਈ ਸੀ ਕਿਉਂਕਿ ਜ਼ਮੀਨ-ਜਾਇਦਾਦ ਦੀ ਮਾਲਕ ਹੋਣ ਕਰਕੇ ਉਸਦੀ ਕਰਜ਼ਾ ਚੁੱਕ ਸਕਣ ਦੀ ਸਮਰਥਾ ਵਧੇਰੇ ਸੀ ਤੇ ਇਸ ਜਾਇਦਾਦ ਕਰਕੇ ਸ਼ਾਹੂਕਾਰ ਉਸਨੂੰ ਕਰਜ਼ਾ ਆਸਾਨੀ ਨਾਲ ਦੇ ਦੇਂਦੇ ਸਨ। ਪਿੰਡ ਦੀ ਪੱਧਰ 'ਤੇ ਭਾਵੇਂ ਕਿਸਾਨੀ ਦਾ ਦਬਦਬਾ ਸੀ, ਪਰ ਆਰਥਕ ਸਰਦਾਰੀ ਸ਼ਾਹੂਕਾਰਾਂ ਦੇ ਹੱਥ ਹੋਣ ਕਰਕੇ ਉਹ ਕਿਸਾਨੀ ਨੂੰ ਆਪਣੇ ਬਰਾਬਰ ਦੀ ਧਿਰ ਸਮਝਣ ਤੋਂ ਇਨਕਾਰੀ ਸਨ।[30] ਪਰੰਤੂ, ਇਸ ਨਵੇਂ ਕਾਨੂੰਨ ਦੇ ਹੋਂਦ ਵਿਚ ਆ ਜਾਣ ਨਾਲ ਦੋਹਾਂ ਧਿਰਾਂ ਦੇ ਮਨਾਂ ਵਿਚ ਇਕ ਦੂਸਰੇ ਪ੍ਰਤਿ ਬੇ-ਵਿਸਾਹੀ ਪੈਦਾ ਹੋ ਰਹੀ ਸੀ। ਇਸੇ ਕਰਕੇ ਹੁਣ ਦੇ ਸਮਿਆਂ ਵਿਚ ਸ਼ਾਹੂਕਾਰ ਕਰਜ਼ਾ ਦੇ ਕੇ ਪਰਦਾ ਬਣਾਈ ਰੱਖਣ ਵਾਲੀ ਧਿਰ ਨਹੀਂ ਸੀ ਰਹਿ ਗਈ, ਸਗੋਂ ਕਰਜ਼ੇ ਦੀ ਵਸੂਲੀ ਲਈ ਭਾਈਚਾਰਕ ਦਬਾਅ ਦੀ ਥਾਂ ਅਦਾਲਤੀ ਨਿਆਂ-ਪ੍ਰਬੰਧ ਦੀ ਸ਼ਰਨ ਵਿਚ ਜਾਣੀ ਸ਼ੁਰੂ ਹੋ ਗਈ ਸੀ ਤੇ ਕਿਸਾਨੀ ਵੀ ਸ਼ਾਹੂਕਾਰਾਂ ਦੀ ਬੇ-ਹਿਸਾਬੀ ਲੁੱਟ ਬਾਰੇ ਹਰ ਤਰ੍ਹਾਂ ਦੇ ਕਿੰਤੂ-ਪ੍ਰੰਤੂ ਕਰ ਰਹੀ ਸੀ। ਕਿਸਾਨੀ ਵਿਚ ਆ ਰਹੀ ਚੇਤਨਾ ਸ਼ਾਹੂਕਾਰ ਨੂੰ ਆਪਣੇ ਲਈ ਖਤਰੇ ਦੀ ਘੰਟੀ ਪ੍ਰਤੀਤ ਹੁੰਦੀ ਸੀ।[31]

ਭਾਵੇਂ ਇਸ ਕਹਾਣੀ ਦਾ ਕੇਂਦਰੀ ਵਿਸ਼ਾ ਸ਼ਾਹੂਕਾਰਾਂ ਦੁਆਰਾ ਕਿਸਾਨੀ ਦੀ ਲੁੱਟ ਉੱਪਰ ਆਧਾਰਿਤ ਹੈ। ਪਰ ਇਸ ਦੇ ਬਾਵਜੂਦ ਕਹਾਣੀਕਾਰ ਨੇ ਇਸ ਕਹਾਣੀ ਨੂੰ ਇਸ ਜੁਗਤ ਨਾਲ ਉਸਾਰਿਆ ਹੈ ਕਿ ਇਸ ਵਿਚ ਕਿਸਾਨੀ ਧਿਰ ਨਾਲ ਸੰਬੰਧਿਤ ਕਿਸੇ ਵੀ ਪਾਤਰ ਨੂੰ ਸਿੱਧੇ ਰੂਪ ਵਿਚ ਪੇਸ਼ ਨਹੀਂ ਕੀਤਾ ਗਿਆ। ਇਸ ਧਿਰ ਦੇ ਪਾਤਰਾਂ ਨੂੰ ਸਿਰਫ਼ ਸ਼ਾਹੂਕਾਰ ਰਾਮੇ ਸ਼ਾਹ ਦੇ ਪਾਤਰ ਜਾਂ ਉਸਦੀ ਸ਼ਾਹੂਕਾਰਾਂ ਵਾਲੀ ਚਲਾਕੀ ਨੂੰ ਉਜਾਗਰ ਕਰਨ ਲਈ ਹੀ ਸਹਾਇਕ ਪਾਤਰਾਂ ਦੇ ਰੂਪ ਵਿਚ ਚਿਤ੍ਰਿਆ ਗਿਆ ਹੈ। ਸ਼ਾਇਦ ਨਾਨਕ ਸਿੰਘ ਨੂੰ ਕਿਸਾਨੀ ਜੀਵਨ ਦਾ ਸਿੱਧਾ ਅਨੁਭਵ ਨਾ ਹੋਣ ਕਰਕੇ ਲੇਖਕ ਨੇ ਇਸ ਜੁਗਤ ਰਾਹੀਂ ਕਿਸਾਨੀ ਜੀਵਨ ਦਾ ਯਥਾਰਥ ਪੇਸ਼ ਕਰਨ ਦਾ ਯਤਨ ਕੀਤਾ ਹੈ। ਭਾਵੇਂ ਕੇਂਦਰੀ ਵਿਸ਼ਾ ਕਿਸਾਨੀ ਦੀ ਲੁੱਟ ਨੂੰ ਪੇਸ਼ ਕਰਨਾ ਹੈ, ਪਰ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਜਿਹੇ ਵੇਰਵੇ ਕਹਾਣੀ ਵਿਚ ਉਪਲਬਧ ਹਨ

ਜੋ ਉਸ ਵੇਲੇ ਦੇ ਸਮਾਜਕ-ਆਰਥਕ ਹਾਲਾਤ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਸ਼ਾਹੂਕਾਰਾਂ ਦੇ ਮਨ ਵਿਚ ਸਾਮਰਾਜ ਨਾਲੋਂ ਜ਼ਿਆਦਾ ਰੋਸ ਕਿਸਾਨੀ ਪ੍ਰਤਿ ਸੀ ਜੋ ਇਸ ਕਾਨੂੰਨ ਦੀ ਮਦਦ ਨਾਲ ਸ਼ਾਹੂਕਾਰਾਂ ਦੇ ਕਰਜ਼ੇ ਦੀ ਗ੍ਰਿਫ਼ਤ ਵਿਚੋਂ ਆਜ਼ਾਦ ਹੋ ਸਕਦੀ ਸੀ ਤੇ ਅਜੇਹਾ ਵਾਪਰਣ ਦਾ ਡਰ ਸ਼ਾਹੂਕਾਰ ਰਾਮੇ ਸ਼ਾਹ ਦੇ ਵਿਹਾਰ ਵਿਚੋਂ ਸਾਫ਼ ਵੇਖਿਆ ਜਾ ਸਕਦਾ ਹੈ, ਜਿਸਨੂੰ ਕਿਸਾਨੀ ਦੀ ਹੱਢ-ਭੰਨਵੀਂ ਕਮਾਈ ਦੇ ਮੁਕਾਬਲੇ ਆਪਣੀ ਕਮਾਈ ਵਧੇਰੇ ਔਖੀ ਪ੍ਰਤੀਤ ਹੁੰਦੀ ਹੈ ਤੇ ਕਿਸਾਨੀ ਦੀ ਸੌਖੀ। ਇਹ ਸ਼ਾਇਦ ਪੰਜਾਬੀ ਦੀ ਇਕੋ-ਇਕ ਕਹਾਣੀ ਹੈ ਜਿਸ ਵਿਚ ਸ਼ਾਹੂਕਾਰ ਨੂੰ ਕਿਸਾਨੀ ਦੀ ਕਮਾਈ ਵਧੇਰੇ ਵਾਧੇ ਵਾਲੀ ਤੇ ਸੌਖੀ ਪ੍ਰਤੀਤ ਹੁੰਦੀ ਹੈ। “ਪਤਾ ਤੇ ਉਸਨੂੰ ਲੱਗਦਾ ਹੈ ਜਿਨੂੰ ਹੱਢ ਭੰਨ ਕੇ ਕਮਾਣੇ ਪੈਂਦੇ ਨੇ, ਇਹਨਾਂ ਜੱਟਾਂ ਦਾ ਕੀ ਏ, ਇਕ ਦਾਣਾ ਬੀਜਿਆ ਤੇ ਸੌ ਦਾਣੇ ਵੱਢ ਲਏ।”[32] ਦੂਸਰੇ, ਸ਼ਾਹੂਕਾਰਾਂ ਨੂੰ ਆਪਣੀ ਕਮਾਈ ਇਸ ਕਰਕੇ ਵੀ ਵਧੇਰੇ ਔਖੀ ਤੇ ਖਤਰੇ ਵਾਲੀ ਪ੍ਰਤੀਤ ਹੋਣ ਲੱਗ ਪਈ ਹੈ, ਕਿਉਂਕਿ ਹੁਣ ਕਿਸਾਨ ਸਿਰਫ਼ ਉਸਦੀ ਲੁੱਟ ’ਤੇ ਉਂਗਲ ਹੀ ਨਹੀਂ ਉਠਾਉਣ ਲੱਗੇ ਸਗੋਂ ਵਹੀ ਖੋਹ ਕੇ ਛੱਪੜ ਵਿਚ ਸੁੱਟਣ ਦੇ ਡਰਾਵੇ ਵੀ ਦੇਣ ਲੱਗ ਪਏ ਹਨ।[33]

ਇਸ ਨਵੇਂ ਕਾਨੂੰਨ ਦੇ ਹੋਂਦ ਵਿਚ ਆਉਣ ਨਾਲ ਭਾਵੇਂ ਕਿਸਾਨੀ ਦੀ ਲੁੱਟ ਰੁਕੀ ਤਾਂ ਨਹੀਂ ਸੀ, ਪਰ ਸ਼ਾਹੂਕਾਰਾਂ ਦੁਆਰਾ ਹੁੰਦੀ ਲੁੱਟ ਕਿਸੇ ਹੱਦ ਤੱਕ ਘਟ ਜ਼ਰੂਰ ਗਈ ਸੀ। ਇਸ ਦੇ ਬਾਵਜੂਦ ਕਿਸਾਨੀ ਦੀਆਂ ਕਰਜ਼ਾ ਲੈਣ ਦੀਆਂ ਜ਼ਰੂਰਤਾਂ ਆਪਣੀ ਥਾਂ ’ਤੇ ਕਾਇਮ ਸਨ। ਇਸ ਕਾਨੂੰਨ ਕਾਰਣ ਕਿਸਾਨੀ ਦੀ ਜ਼ਮੀਨ ਤੇ ਖੇਤ-ਸੰਦ ਕੁਰਕ ਨਹੀਂ ਸਨ ਕੀਤੇ ਜਾ ਸਕਦੇ। ਇਸ ਕਰਕੇ ਸ਼ਾਹੂਕਾਰਾਂ ਦੇ ਮਨ ਵਿਚ ਕਿਸਾਨੀ ਪ੍ਰਤਿ ਇਕ ਈਰਖ਼ਾ ਦੀ ਭਾਵਨਾ ਪੈਦਾ ਹੋ ਰਹੀ ਸੀ। ਦੂਸਰੇ, ਸਾਮਰਾਜ ਦਾ ਅਦਾਲਤੀ ਪ੍ਰਬੰਧ ਵਧੇਰੇ ਗੁੰਝਲਦਾਰ ਤੇ ਮਹਿੰਗਾ ਹੋਣ ਕਰਕੇ ਸ਼ਾਹੂਕਾਰਾਂ ਲਈ ਅਦਾਲਤਾਂ ਵਿਚ ਜਾਣਾ ਵੀ ਸੌਖਾ ਨਹੀਂ ਸੀ, ਕਿਉਂਕਿ ਇਸ ਵਿਚ ਦਾੜ੍ਹੀ ਨਾਲੋਂ ਮੁੱਛਾਂ ਵਧ ਜਾਣ ਦਾ ਡਰ ਵੀ ਸ਼ਾਮਲ ਸੀ।[34] ਇਸ ਤਰ੍ਹਾਂ ਇਹ ਕਹਾਣੀ ਕਿਸਾਨੀ ਦੀ ਲੁੱਟ ਨੂੰ ਪੇਸ਼ ਕਰਨ ਵਾਲੀ ਪੰਜਾਬੀ ਦੀ ਪਹਿਲੀ ਕਹਾਣੀ ਕਹੀ ਜਾ ਸਕਦੀ। ਭਾਵੇਂ ਕਹਾਣੀ ਦੇ ਅੰਤ ਵਿਚ ਇਹ ਭੇਤ ਖੁਲ੍ਹਦਾ ਹੈ ਕਿ ਇਹ ਸਾਰਾ ਕੁਝ ਰਾਮੇ ਸ਼ਾਹ ਦੇ ਸੁਪਨੇ ਵਿਚ

ਵਾਪਰਦਾ ਹੈ, ਪਰ ਇਸਦੇ ਬਾਵਜੂਦ ਕਹਾਣੀ ਵਿਚਲੀ ਸੁਪਨ-ਵਿਧੀ ਸਮਾਜਕ ਯਥਾਰਥ ਨੂੰ ਕਿਸੇ ਵੀ ਤਰ੍ਹਾਂ ਦੂਸ਼ਿਤ ਜਾਂ ਪੇਤਲਾ ਨਹੀਂ ਕਰਦੀ।

ਇਸ ਤਰ੍ਹਾਂ ਪੂਰਵ ਸੰਤ ਸਿੰਘ ਸੇਖੋਂ ਜਾਂ ਮੁੱਢਲੀ ਪੰਜਾਬੀ ਕਹਾਣੀ ਦਾ ਜਦੋਂ ਕਿਸਾਨੀ ਜੀਵਨ ਦੀ ਪੇਸ਼ਕਾਰੀ ਦੇ ਨਜ਼ਰੀਏ ਤੋਂ ਅਧਿਐਨ ਕੀਤਾ ਜਾਂਦਾ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਬਸਤੀਵਾਦੀ ਪ੍ਰਬੰਧ ਅਧੀਨ ਹੋਂਦ ਵਿਚ ਆਈਆਂ ਪੰਜਾਬੀ ਦੀਆਂ ਸਾਹਿਤਕ ਵਿਧਾਵਾਂ ਵੱਖੋ-ਵੱਖਰੇ ਢੰਗ ਨਾਲ ਆਪਣੀ ਭੂਮਿਕਾ ਨਿਭਾਉਂਦੀਆਂ ਹਨ। ਜਿੱਥੇ ਨਾਵਲ ਸਿੱਧੇ ਰੂਪ ਵਿਚ ਬਸਤੀਵਾਦ ਦੇ ਵਿਰੋਧ ਦਾ ਮਨੋਰਥ ਲੈ ਕੇ ਪਾਠਕਾਂ ਸਾਹਮਣੇ ਪੇਸ਼ ਹੁੰਦਾ ਹੈ, ਉੱਥੇ ਮੁੱਢਲਾ ਇਕਾਂਗੀ ਤੇ ਰੰਗਮੰਚ ਪੇਂਡੂ ਜੀਵਨ ਦੀਆਂ ਸਮੱਸਿਆਵਾਂ ਨੂੰ ਯਥਾਰਥਕ ਢੰਗ ਨਾਲ ਪੇਸ਼ ਕਰਦਾ ਹੈ, ਜਦਕਿ ਕਹਾਣੀ ਦੋਹਾਂ ਹੀ ਵਿਧਾਵਾਂ ਨਾਲੋਂ ਵੱਖਰੇ ਰੂਪ ਵਿਚ ਪ੍ਰਵਾਨ ਚੜ੍ਹਦੀ ਹੈ ਤੇ ਹੌਲੀ-ਹੌਲੀ ਸਮਾਜਕ-ਆਰਥਕ ਪ੍ਰਬੰਧ ਦੀਆਂ ਊਣਾਂ ਨੂੰ ਪੇਸ਼ ਕਰਨ ਵਾਲੇ ਪਾਸੇ ਰੁਚਿਤ ਹੁੰਦੀ ਹੈ।

✤✤✤✤✤

## ਹਵਾਲੇ ਅਤੇ ਟਿੱਪਣੀਆਂ

1. ਸਵਿੰਦਰ ਸਿੰਘ ਉੱਪਲ, *ਪੰਜਾਬੀ ਕਹਾਣੀ - ਪੁਨਰ ਮੁਲਾਂਕਣ,* ਪੰਨਾ 93.
2. ਗੁਰਮੁਖ ਸਿੰਘ ਜੀਤ, *ਸਮਕਾਲੀ ਪੰਜਾਬੀ ਕਹਾਣੀ,* ਪੰਨਾ 12.
3. ਸਵਿੰਦਰ ਸਿੰਘ ਉੱਪਲ, *ਪੰਜਾਬੀ ਕਹਾਣੀਕਾਰ,* ਪੰਨਾ 35.
4. *ਉਹੀ,* ਪੰਨਾ 10.
5. *ਉਹੀ,* ਪੰਨਾ 35.
6. ਸਵਿੰਦਰ ਸਿੰਘ ਉੱਪਲ, *ਪੰਜਾਬੀ ਕਹਾਣੀ - ਪੁਨਰ ਮੁਲਾਂਕਣ,* ਪੰਨਾ 292.
7. ਵਣਜਾਰਾ ਬੇਦੀ, *ਮੱਧਕਾਲੀਨ ਪੰਜਾਬੀ ਕਥਾ : ਰੂਪ ਤੇ ਪਰੰਪਰਾ,* ਪੰਨਾ 70.
8. ਬਲਦੇਵ ਸਿੰਘ ਧਾਲੀਵਾਲ, *ਪੰਜਾਬੀ ਕਹਾਣੀ ਦਾ ਇਤਹਾਸ,* ਪੰਨਾ 11.
9. ਸਵਿੰਦਰ ਸਿੰਘ ਉੱਪਲ, *ਪੰਜਾਬੀ ਕਹਾਣੀਕਾਰ,* ਪੰਨਾ 35.
10. ਉਹੀ, *ਪੰਜਾਬੀ ਕਹਾਣੀ : ਸਰੂਪ, ਸਿਧਾਂਤ ਤੇ ਵਿਕਾਸ,* ਪੰਨਾ 261.
11. ਉਹੀ, *ਪੰਜਾਬੀ ਕਹਾਣੀ - ਪੁਨਰ ਮੁਲਾਂਕਣ,* ਪੰਨਾ 30.
12. ਉਹੀ, *ਪੰਜਾਬੀ ਕਹਾਣੀਕਾਰ,* ਪੰਨਾ 38.
13. ਉਹੀ, *ਪੰਜਾਬੀ ਕਹਾਣੀ : ਸਰੂਪ, ਸਿਧਾਂਤ ਤੇ ਵਿਕਾਸ,* ਪੰਨਾ 263.
14. ਗੁਰਮੁਖ ਸਿੰਘ ਜੀਤ, *ਸਮਕਾਲੀ ਪੰਜਾਬੀ ਕਹਾਣੀ,* ਪੰਨਾ 12.
15. ਡਾ. ਅਤਰ ਸਿੰਘ, *ਪੰਜਾਬੀ ਸਾਹਿਤ ਦਾ ਇਤਹਾਸ (ਭਾਗ ਦੂਜਾ),* ਪੰਨਾ 180.
16. ਧਨਵੰਤ ਕੌਰ, *ਪੰਜਾਬੀ ਕਹਾਣੀ ਸ਼ਾਸਤਰ,* ਪੰਨਾ 19.
17. ਗੁਰਬਖਸ਼ ਸਿੰਘ ਫ਼ਰੈਂਕ, *ਨਿੱਕੀ ਕਹਾਣੀ ਤੇ ਪੰਜਾਬੀ ਨਿੱਕੀ ਕਹਾਣੀ,* ਪੰਨਾ 10.
18. ਡਾ. ਦਿਲਜੀਤ ਸਿੰਘ, "ਪੰਜਾਬੀ ਕਹਾਣੀ ਦੇ ਇਤਹਾਸ ਦੀਆਂ ਸਮੱਸਿਆਵਾਂ", *ਗਲਪ-ਚਿੰਤਨ,* (ਸੰਪ. ਸੁਖਵਿੰਦਰ ਸਿੰਘ ਸੰਘਾ), ਪੰਨਾ 8.

19. ਡਾ. ਗੁਰਲਾਲ ਸਿੰਘ, "ਨਿੱਕੀ ਕਹਾਣੀ : ਰੂਪਾਕਾਰ ਦੀ ਸਮੱਸਿਆ", *ਪੰਜਾਬੀ ਕਹਾਣੀ : ਨਵੀਨ ਪ੍ਰਵਿਰਤੀਆਂ,* (ਸੰਪ. ਡਾ. ਧਰਮਪਾਲ ਸਿੰਘ ਤੇ ਡਾ. ਗੁਰਲਾਲ ਸਿੰਘ), ਪੰਨਾ 11.

20. ਡਾ. ਬਲਦੇਵ ਸਿੰਘ ਧਾਲੀਵਾਲ, *ਆਧੁਨਿਕ ਪੰਜਾਬੀ ਕਹਾਣੀ : ਦ੍ਰਿਸ਼ਟੀਮੂਲਕ ਪਰਿਪੇਖ,* ਪੰਨਾ 17.

21. ਹੀਰਾ ਸਿੰਘ ਦਰਦ, *ਕਿਸਾਨ ਦੀਆਂ ਆਹੀਂ,* ਪੰਨਾ 5.

22. *ਉਹੀ।*

23. *ਉਹੀ,* ਪੰਨਾ 17.

24. *ਉਹੀ,* ਪੰਨਾ 27.

25. *ਉਹੀ,* ਪੰਨਾ 48.

26. *ਉਹੀ,* ਪੰਨੇ 53-54.

27. ਭਗਵਾਨ ਸਿੰਘ ਜੋਸ਼, *ਪੰਜਾਬ ਵਿਚ ਕਮਿਊਨਿਸਟ ਲਹਿਰ,* ਪੰਨਾ 32.

28. Master Hari Singh, ***Agrarian Scene in British Punjab,*** pg. 92.

29. ਨਾਨਕ ਸਿੰਘ, *ਮੇਰੀਆਂ ਕਹਾਣੀਆਂ,* ਪੰਨੇ 65-66.

30. *ਉਹੀ,* ਪੰਨੇ 63-64.

31. *ਉਹੀ।*

32. *ਉਹੀ,* ਪੰਨਾ 68.

33. *ਉਹੀ,* ਪੰਨਾ 65.

34. *ਉਹੀ,* ਪੰਨਾ 68.